ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 126
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Friday, 8 May, 2026) ਸ਼ੁੱਕਰਵਾਰ, 8 ਮਈ, 2026, 25 ਵੈਸਾਖ, ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083/ PRGI (RNI) Regd. No. 22972/1972/ ਮੁੱਲ: 2 ਰੁਪਏ

## ਭਾਰਤ ਦਾ ਅਨਾਜ ਭੰਡਾਰ ਪੁੱਜਾ 604 ਲੱਖ ਟਨ ਤੋਂ ਪਾਰ

ਨਵੀਂ ਦਿੱਲੀ, 7 ਮਈ (ਚ.ਨ.ਸ.): ਦੇਸ਼ ਵਿਚ ਖ਼ੁਰਾਕੀ ਸੁਰੱਖਿਆ ਨੂੰ ਲੈ ਕੇ ਇਕ ਵੱਡੀ ਅਤੇ ਰਾਹਤ ਭਰੀ ਖ਼ਬਰ ਸਾਹਮਣੇ ਆਈ ਹੈ। ਭਾਰਤੀ ਖ਼ੁਰਾਕ ਨਿਗਮ (ਐਫ਼.ਸੀ.ਆਈ.) ਦੇ ਗੋਦਾਮਾਂ ਵਿਚ ਕਣਕ ਅਤੇ ਚੌਲਾਂ ਦਾ ਸਟਾਕ 1 ਅਪ੍ਰੈਲ ਤਕ ਵਧ ਕੇ 604.02 ਲੱਖ ਟਨ ਤਕ ਪਹੁੰਚ ਗਿਆ ਹੈਇਹ ਮਾਤਰਾ ਸਰਕਾਰ ਵਲੋਂ ਨਿਰਧਾਰਤ 210.40 ਲੱਖ ਟਨ ਦੀ ਲਾਜ਼ਮੀ ਬਫਰ ਲੋੜ ਤੋਂ ਲਗਭਗ ਤਿੰਨ ਗੁਣਾ ਜ਼ਿਆਦਾ ਹੈ। ਸਰਕਾਰੀ ਅੰਕੜਿਆਂ ਅਨੁਸਾਰ, ਚੌਲਾਂ ਦਾ ਸਟਾਕ 386.10 ਲੱਖ ਟਨ ਹੈ, ਜਦਕਿ ਕਣਕ ਦਾ ਭੰਡਾਰ 217.92 ਲੱਖ ਟਨ ਦਰਜ ਕੀਤਾ ਗਿਆ ਹੈ।




ਸੋਮਨਾਥ ਦੀ ਬ੍ਰਹਮਤਾ ਅਤੇ ਅਲੌਕਿਕਤਾ ਵਿੱਚ ਦਿਓ ਯੋਗਦਾਨ ਅਤੇ ਬਣੋ ਗੌਰਵਸ਼ਾਲੀ ਇਤਿਹਾਸ ਦਾ ਹਿੱਸਾ।
ਸਕੈਨ ਕਰੋ।

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ ***

DAILY CHARHDIKALA, PATIALA

ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 126
ਫ਼ੋਨ: +91- 92168-07500
E-mail: news@charhdikala.com
www.charhdikala.com

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Friday, 8 May, 2026) ਸ਼ੁੱਕਰਵਾਰ, 8 ਮਈ, 2026, 25 ਵੈਸਾਖ, ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083/ PRGI (RNI) Regd. No. 22972/1972/ ਮੁੱਲ: 2 ਰੁਪਏ

## ਬਿਹਾਰ 'ਚ ਸਮਰਾਟ ਕੈਬਨਿਟ ਦਾ ਵਿਸਥਾਰ, ਨਿਸ਼ਾਂਤ ਸਣੇ 32 ਮੰਤਰੀਆਂ ਨੇ ਚੁੱਕੀ ਸਹੁੰ

ਪਟਨਾ, 7 ਮਈ (ਚ.ਨ.ਸ.):ਬਿਹਾਰ ਵਿੱਚ ਅੱਜ ਮੁੱਖ ਮੰਤਰੀ ਸਮਰਾਟ ਚੌਧਰੀ ਦੇ ਮੰਤਰੀ ਮੰਡਲ ਦਾ ਵਿਸਥਾਰ ਹੋਇਆ। ਜਿਸ ਦੌਰਾਨ ਜਨਤਾ ਦਲ ਯੂਨਾਈਟਿਡ (ਜੇ.ਡੀ.ਯੂ.) ਦੇ ਮੁਖੀ ਨਿਤੀਸ਼ ਕੁਮਾਰ ਦੇ ਪੁੱਤਰ ਨਿਸ਼ਾਂਤ ਕੁਮਾਰ ਸਣੇ 32 ਮੰਤਰੀਆਂ ਨੇ ਸਮਾਰੋਹ ਵਿੱਚ ਸਹੁੰ ਚੁੱਕੀ। ਰਾਜਪਾਲ ਸਈਅਦ ਅਤਾ ਹਸਨੈਨ ਨੇ ਰਾਜਧਾਨੀ ਪਟਨਾ ਦੇ ਇਤਿਹਾਸਕ ਗਾਂਧੀ ਮੈਦਾਨ ਵਿੱਚ ਸਾਰੇ ਮੰਤਰੀਆਂ ਨੂੰ ਅਹੁਦੇ ਅਤੇ ਗੁਪਤਤਾ ਦੀ ਸਹੁੰ ਚੁਕਾਈ। ਇਸ ਸਮਾਗਮ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ, ਭਾਜਪਾ ਪ੍ਰਧਾਨ ਨਿਤਿਨ ਨਵੀਨ, (ਬਾਕੀ ਸਫਾ 11 'ਤੇ)

*'ਆਪ੍ਰੇਸ਼ਨ ਸਿੰਦੂਰ' ਦੀ ਪਹਿਲੀ ਵਰ੍ਹੇਗੰਢ*

# ਅੱਤਵਾਦ ਵਿਰੁੱਧ ਭਾਰਤ ਦੀ ਦ੍ਰਿੜ ਪ੍ਰਤੀਕਿਰਿਆ ਦਾ ਪ੍ਰਤੀਕ ਹੈ ਇਹ ਕਾਰਵਾਈ: ਮੋਦੀ



ਨਵੀਂ ਦਿੱਲੀ , 7 ਮਈ (ਚ.ਨ.ਸ.): ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਆਪ੍ਰੇਸ਼ਨ ਸਿੰਦੂਰ ਅੱਤਵਾਦ ਵਿਰੁੱਧ ਭਾਰਤ ਦੀ ਦ੍ਰਿੜ ਪ੍ਰਤੀਕਿਰਿਆ ਅਤੇ ਰਾਸ਼ਟਰੀ ਸੁਰੱਖਿਆ ਪ੍ਰਤੀ ਅਟੱਲ ਵਚਨਬੱਧਤਾ ਨੂੰ ਦਰਸਾਉਂਦਾ ਹੈ। ਮੋਦੀ ਨੇ ਆਪ੍ਰੇਸ਼ਨ ਸਿੰਦੂਰ ਦੀ ਪਹਿਲੀ ਵਰ੍ਹੇਗੰਢ ਮੌਕੇ ਵੀਰਵਾਰ ਨੂੰ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਕਿ ਪੂਰਾ ਦੇਸ਼ ਸਾਡੀਆਂ ਫੌਜਾਂ ਦੀ ਬਹਾਦਰੀ ਨੂੰ ਸਲਾਮ ਕਰਦਾ ਹੈ।

ਮੋਦੀ ਨੇ ਕਿਹਾ, 'ਇੱਕ ਸਾਲ ਪਹਿਲਾਂ ਸਾਡੀਆਂ ਹਥਿਆਰਬੰਦ ਸੈਨਾਵਾਂ ਨੇ ਆਪ੍ਰੇਸ਼ਨ ਸਿੰਦੂਰ ਦੌਰਾਨ ਬੇਮਿਸਾਲ ਹਿੰਮਤ, ਸ਼ੁੱਧਤਾ ਅਤੇ ਦ੍ਰਿੜਤਾ ਦਾ ਪ੍ਰਦਰਸ਼ਨ ਕੀਤਾ ਸੀ। ਉਨ੍ਹਾਂ ਨੇ ਉਨ੍ਹਾਂ ਲੋਕਾਂ ਨੂੰ ਢੁਕਵਾਂ ਜਵਾਬ ਦਿੱਤਾ, ਜਿਨ੍ਹਾਂ ਨੇ ਪਹਿਲਗਾਮ ਵਿੱਚ ਮਾਸੂਮ ਭਾਰਤੀਆਂ 'ਤੇ ਹਮਲਾ ਕਰਨ ਦੀ ਹਿੰਮਤ ਕੀਤੀ ਸੀ। ਪੂਰਾ ਦੇਸ਼ ਸਾਡੀਆਂ ਫੌਜਾਂ ਦੀ ਬਹਾਦਰੀ ਨੂੰ ਸਲਾਮ ਕਰਦਾ ਹੈ।'

ਪ੍ਰਧਾਨ ਮੰਤਰੀ ਨੇ ਕਿਹਾ, 'ਆਪ੍ਰੇਸ਼ਨ ਸਿੰਦੂਰ' ਨੇ ਅੱਤਵਾਦ ਖ਼ਿਲਾਫ਼ ਭਾਰਤ ਦੀ ਦ੍ਰਿੜ ਪ੍ਰਤੀਕਿਰਿਆ ਅਤੇ ਰਾਸ਼ਟਰੀ ਸੁਰੱਖਿਆ ਦੀ ਰਾਖੀ ਲਈ ਇਸਦੀ ਅਟੁੱਟ ਵਚਨਬੱਧਤਾ ਨੂੰ ਦਰਸਾਇਆ। ਇਸਨੇ ਸਾਡੇ ਹਥਿਆਰਬੰਦ ਬਲਾਂ ਦੀ ਪੇਸ਼ੇਵਰਤਾ, ਤਿਆਰੀ ਅਤੇ ਤਾਲਮੇਲ ਨੂੰ ਵੀ ਉਜਾਗਰ ਕੀਤਾ। ਨਾਲ ਹੀ ਇਸਨੇ ਸਾਡੀਆਂ ਫੌਜਾਂ ਵਿੱਚ ਵਧਦੀ ਅੰਤਰ-ਕਾਰਜਸ਼ੀਲਤਾ ਨੂੰ ਵੀ ਦਰਸਾਇਆ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਕਿਵੇਂ ਰੱਖਿਆ ਖੇਤਰ ਵਿੱਚ ਸਵੈ-ਨਿਰਭਰਤਾ ਦੀ ਭਾਰਤ ਦੀ ਕੋਸ਼ਿਸ਼ ਨੇ ਸਾਡੀ ਰਾਸ਼ਟਰੀ ਸੁਰੱਖਿਆ ਨੂੰ ਮਜ਼ਬੂਤ ਕੀਤਾ ਹੈ।' ਉਨ੍ਹਾਂ ਕਿਹਾ ਕਿ ਅੱਜ ਵੀ ਇੱਕ ਸਾਲ ਬਾਅਦ ਭਾਰਤ ਅੱਤਵਾਦ ਨੂੰ ਹਰਾਉਣ ਅਤੇ ਇਸਦੇ ਸਮਰਥਕ ਤੰਤਰ ਨੂੰ ਤਬਾਹ ਕਰਨ ਦੇ ਆਪਣੇ ਇਰਾਦੇ ਵਿੱਚ ਪਹਿਲਾਂ ਵਾਂਗ ਹੀ ਦ੍ਰਿੜ ਹੈ।

*ਮੁੱਖ ਮੰਤਰੀ ਨੇ 'ਸ਼ੁਕਰਾਨਾ ਯਾਤਰਾ' ਦੇ ਦੂਜੇ ਦਿਨ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ*

# 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਾਨੂੰਨ' ਬੇਅਦਬੀ ਕਰਨ ਵਾਲਿਆਂ ਲਈ ਮਿਸਾਲੀ ਸਜ਼ਾ ਯਕੀਨੀ ਬਣਾਏਗਾ: ਮਾਨ

ਬਬਲੂ ਮਹਾਜਨ

================



ਅੰਮ੍ਰਿਤਸਰ, 7 ਮਈ : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਐਕਟ-2026 ਨੂੰ ਲਾਗੂ ਕਰਨ ਦੀ ਸੋਝੀ ਅਤੇ ਬਲ ਬਖ਼ਸ਼ਣ ਲਈ ਪ੍ਰਮਾਤਮਾ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਇਸ ਕਾਨੂੰਨ ਨੂੰ ਬੇਅਦਬੀ ਕਰਨ ਦੀ ਕੋਸ਼ਿਸ਼ ਕਰਨ ਵਾਲਿਆਂ ਲਈ ਸਖ਼ਤ ਸਜ਼ਾ ਯਕੀਨੀ ਬਣਾਉਣ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਾਣ-ਮਰਿਆਦਾ ਦੀ ਰਾਖੀ ਲਈ ਇਤਿਹਾਸਕ ਕਦਮ ਦੱਸਿਆ।

ਅੱਜ ਸ੍ਰੀ ਹਰਮਿੰਦਰ ਸਾਹਿਬ ਵਿਖੇ ਨਤਮਸਤਕ ਹੋਣ ਤੋਂ ਬਾਅਦ ਮੀਡੀਆ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਬਣਾਉਣ ਦੀ ਸੇਵਾ ਸੌਂਪਣ ਲਈ ਉਨ੍ਹਾਂ ਦਾ ਦਿਲ ਪਰਮਾਤਮਾ ਪ੍ਰਤੀ ਸ਼ੁਕਰਾਨੇ ਨਾਲ ਭਰਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਭਾਗਾਂ ਵਾਲੀ ਹੈ ਕਿ ਸਾਨੂੰ ਇਹ ਇਤਿਹਾਸਕ ਕਾਨੂੰਨ ਪਾਸ ਕਰਨ ਦਾ ਸੁਭਾਗ ਹਾਸਲ ਹੋਇਆ ਹੈ ਜੋ ਭਵਿੱਖ ਵਿੱਚ ਅਜਿਹੀਆਂ ਘਿਨਾਉਣੀਆਂ ਘਟਨਾਵਾਂ ਨੂੰ ਰੋਕਣ ਵਿੱਚ ਅਹਿਮ ਸਿੱਧ ਹੋਵੇਗਾ। ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਬਾਕੀ ਸਫਾ 11 'ਤੇ)

## 'ਸੂਬੇ 'ਚ ਹੋਏ ਬੰਬ ਧਮਾਕੇ, ਭਾਜਪਾ ਦੀਆਂ ਪੰਜਾਬ ਵਿੱਚ ਚੋਣ ਤਿਆਰੀਆਂ ਦੇ ਸੰਕੇਤ'

ਜਲੰਧਰ, 7 ਮਈ (ਸੰਦੀਪ ਕੌਲ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 'ਸ਼ੁਕਰਾਨਾ ਯਾਤਰਾ' ਦੇ ਦੂਜੇ ਦਿਨ ਐਲਾਨ ਕੀਤਾ ਕਿ ਪੰਜਾਬ ਵਿੱਚ ਬੇਅਦਬੀ ਕਰਨ ਵਾਲੇ ਹੁਣ ਸਜ਼ਾ ਤੋਂ ਨਹੀਂ ਬਚ ਸਕਣਗੇ। ਉਨ੍ਹਾਂ ਕਿਹਾ ਕਿ ਨਵਾਂ ਬੇਅਦਬੀ ਵਿਰੋਧੀ ਕਾਨੂੰਨ ਅਪਰਾਧੀਆਂ ਲਈ ਐਫ.ਆਈ.ਆਰ., ਉਮਰ ਕੈਦ ਅਤੇ 50 ਲੱਖ ਰੁਪਏ ਤੱਕ ਦੇ ਜੁਰਮਾਨੇ ਤੋਂ ਬਾਅਦ ਜ਼ਮਾਨਤ ਨਾ ਦੇਣ ਦੀ ਵਿਵਸਥਾ ਕਰਦਾ ਹੈ। ਪਿਛਲੀਆਂ ਸਰਕਾਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲਿਆਂ ਨੂੰ ਆਜ਼ਾਦ ਘੁੰਮਣ ਅਤੇ ਪੰਥ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀ ਇਜਾਜ਼ਤ ਦਿੱਤੀ ਸੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ 'ਆਪ' ਸਰਕਾਰ ਨੇ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰਤਾ ਦੀ ਰਾਖੀ ਅਤੇ ਸੂਬੇ ਵਿੱਚ ਭਾਈਚਾਰਕ ਸਾਂਝ ਬਣਾਈ ਰੱਖਣ ਲਈ ਦੇਸ਼ ਦਾ ਸਭ ਤੋਂ ਸਖ਼ਤ ਕਾਨੂੰਨ ਬਣਾਇਆ ਹੈ। ਭਾਜਪਾ ਅਤੇ ਅਕਾਲੀਆਂ 'ਤੇ ਤਿੱਖਾ ਹਮਲਾ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ (ਬਾਕੀ ਸਫਾ 11 'ਤੇ)

# ਪੰਜਾਬ ਦੇ ਕਈ ਜ਼ਿਲ੍ਹਿਆਂ ਲਈ ਮੀਂਹ ਤੇ ਹਨ੍ਹੇਰੀ ਦਾ ਅਲਰਟ ਜਾਰੀ



ਚੰਡੀਗੜ੍ਹ, 7 ਮਈ (ਚ.ਨ.ਸ.): ਪੰਜਾਬ ਵਿਚ ਇੱਕ ਵਾਰ ਮੁੜ ਮੌਸਮ ਬਦਲਣ ਵਾਲਾ ਹੈ। ਮੌਸਮ ਵਿਭਾਗ ਮੁਤਾਬਕ ਅਗਲੇ ਪੰਜ ਦਿਨਾਂ ਵਿੱਚ ਪੰਜਾਬ ਦੇ ਮੌਸਮ ਵਿਚ ਬਦਲਾਅ ਦੀ ਉਮੀਦ ਹੈ। ਭਾਰਤੀ ਮੌਸਮ ਵਿਭਾਗ ਨੇ ਅੱਜ ਤੋਂ 11 ਮਈ ਤੱਕ ਕੁਝ ਇਲਾਕਿਆਂ ਵਿੱਚ ਬਿਜਲੀ, ਤੇਜ਼ ਹਵਾਵਾਂ ਅਤੇ ਗੜ੍ਹੇਮਾਰੀ ਦੀ ਭਵਿੱਖਬਾਣੀ ਕੀਤੀ ਹੈ। ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਹੁਸ਼ਿਆਰਪੁਰ, ਪਟਿਆਲਾ, ਨਵਾਂਸ਼ਹਿਰ, ਰੂਪਨਗਰ, ਮੁਕਤਸਰ, ਬਠਿੰਡਾ ਅਤੇ ਮਾਨਸਾ ਸਮੇਤ ਕਈ ਜ਼ਿਲ੍ਹਿਆਂ ਲਈ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ, ਜਿੱਥੇ ਮੀਂਹ ਅਤੇ ਗੜ੍ਹੇਮਾਰੀ ਦੀ ਉਮੀਦ ਹੈ। ਮੌਸਮ ਵਿਭਾਗ ਮੁਤਾਬਕ 8 ਮਈ ਤੋਂ 10 ਮਈ ਤੱਕ ਪੰਜਾਬ ਲਈ ਕੋਈ ਵੱਡੀ ਚੇਤਾਵਨੀ ਜਾਰੀ ਨਹੀਂ ਕੀਤੀ ਗਈ ਹੈ। ਇਸ ਸਮੇਂ ਦੌਰਾਨ ਮੌਸਮ ਆਮ ਰਹਿਣ ਦੀ ਉਮੀਦ ਹੈ। ਹਾਲਾਂਕਿ, ਕੁਝ ਇਲਾਕਿਆਂ ਵਿੱਚ ਬੱਦਲਵਾਈ ਰਹਿ ਸਕਦੀ ਹੈ, ਅਤੇ 40 ਤੋਂ 50 ਕਿਲੋਮੀਟਰ ਪ੍ਰਤੀ ਘੰਟਾ (ਬਾਕੀ ਸਫਾ 11 'ਤੇ)

## ਅੰਮ੍ਰਿਤਪਾਲ ਸਿੰਘ ਮਾਮਲੇ 'ਚ ਸੈਸ਼ਨ ਕੋਰਟ 'ਚ ਸੁਣਵਾਈ, ਡਿਸਚਾਰਜ ਅਰਜ਼ੀ 'ਤੇ ਨੋਟਿਸ ਜਾਰੀ

ਅੰਮ੍ਰਿਤਸਰ, 7 ਮਈ (ਚ.ਨ.ਸ.): ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨਾਲ ਸਬੰਧਿਤ ਮਾਮਲੇ ਦੀ ਅੱਜ ਅੰਮ੍ਰਿਤਸਰ ਸੈਸ਼ਨ ਕੋਰਟ ਵਿੱਚ ਸੁਣਵਾਈ ਹੋਈ। ਇਸ ਦੌਰਾਨ ਅੰਮ੍ਰਿਤਪਾਲ ਸਿੰਘ ਦੀ ਪੱਖੋਂ ਉਨ੍ਹਾਂ ਦੇ ਵਕੀਲ ਰੀਤੂਰਾਜ ਸਿੰਘ ਸੰਧੂ ਅਦਾਲਤ ਵਿੱਚ ਪੇਸ਼ ਹੋਏ। ਸੁਣਵਾਈ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਵਕੀਲ ਸੰਧੂ ਨੇ ਦੱਸਿਆ ਕਿ ਅੱਜ ਦੀ ਤਾਰੀਖ ਦੌਰਾਨ ਉਨ੍ਹਾਂ ਵੱਲੋਂ ਅਦਾਲਤ ਵਿੱਚ ਇੱਕ ਅਹਿਮ ਅਰਜ਼ੀ ਦਾਇਰ ਕੀਤੀ ਗਈ ਹੈ, ਜਿਸ 'ਚ ਅੰਮ੍ਰਿਤਪਾਲ ਸਿੰਘ 'ਤੇ ਲਗਾਏ (ਬਾਕੀ ਸਫਾ 11 'ਤੇ)

# ਬੰਗਾਲ ਦੀ ਵਿਧਾਨ ਸਭਾ ਭੰਗ, ਹੁਣ ਮਮਤਾ ਨਹੀਂ ਰਹੀ ਮੁੱਖ ਮੰਤਰੀ



ਕੋਲਕਾਤਾ, 7 ਮਈ (ਚ.ਨ.ਸ.): ਪੱਛਮੀ ਬੰਗਾਲ ਦੇ ਰਾਜਪਾਲ ਆਰ.ਐੱਨ.ਰਵੀ ਨੇ ਵੀਰਵਾਰ ਨੂੰ ਇੱਕ ਵੱਡਾ ਸੰਵਿਧਾਨਕ ਕਦਮ ਚੁੱਕਦਿਆਂ ਰਾਜ ਵਿਧਾਨ ਸਭਾ ਨੂੰ ਭੰਗ ਕਰ ਦਿੱਤਾ ਹੈ। ਇਹ ਫੈਸਲਾ ਮੁੱਖ ਮੰਤਰੀ ਮਮਤਾ ਬੈਨਰਜੀ ਵੱਲੋਂ ਚੋਣਾਂ ਵਿੱਚ ਹਾਰ ਦੇ ਬਾਵਜੂਦ ਅਹੁਦੇ ਤੋਂ ਅਸਤੀਫਾ ਦੇਣ ਤੋਂ ਇਨਕਾਰ ਕਰਨ ਤੋਂ ਬਾਅਦ ਲਿਆ ਗਿਆ ਹੈ। ਰਾਜਪਾਲ ਨੇ ਭਾਰਤੀ ਸੰਵਿਧਾਨ ਦੀ ਧਾਰਾ 174(2)(ਬੀ) ਤਹਿਤ ਮਿਲੀਆ ਸ਼ਕਤੀਆਂ ਦੀ ਵਰਤੋਂ ਕਰਦਿਆਂ 7 ਮਈ, 2026 ਤੋਂ 17ਵੀਂ ਵਿਧਾਨ ਸਭਾ ਨੂੰ ਭੰਗ ਕਰਨ ਦਾ ਹੁਕਮ ਜਾਰੀ ਕੀਤਾ ਹੈ, ਜਿਸ ਨਾਲ ਹੁਣ 18ਵੀਂ ਵਿਧਾਨ ਸਭਾ ਦੇ ਗਠਨ ਦਾ ਰਸਤਾ ਸਾਫ਼ ਹੋ ਗਿਆ ਹੈ। ਹਾਲ ਹੀ ਵਿੱਚ ਸੰਪੰਨ ਹੋਈਆਂ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਨੇ 293 ਵਿੱਚੋਂ 207 ਸੀਟਾਂ ਜਿੱਤ ਕੇ ਇਤਿਹਾਸਕ ਬਹੁਮਤ ਹਾਸਲ ਕੀਤਾ ਹੈ। ਇਸ ਜਿੱਤ ਨਾਲ ਬੰਗਾਲ ਵਿੱਚ 15 ਸਾਲਾਂ ਤੋਂ ਚੱਲ ਰਿਹਾ ਮਮਤਾ ਬੈਨਰਜੀ ਦਾ ਸ਼ਾਸਨ ਖ਼ਤਮ ਹੋ ਗਿਆ ਹੈ। ਹਾਲਾਂਕਿ, ਮਮਤਾ ਬੈਨਰਜੀ ਨੇ ਕਰੀਬ 100 ਸੀਟਾਂ 'ਤੇ 'ਵੋਟ ਚੋਰੀ' ਦਾ ਦੋਸ਼ ਲਗਾਉਂਦਿਆਂ ਹਾਰ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਉਨ੍ਹਾਂ ਨੂੰ ਜ਼ਬਰਦਸਤੀ ਹਰਾਇਆ ਗਿਆ ਹੈ। ਉਨ੍ਹਾਂ ਦੇ ਅਸਤੀਫਾ ਨਾ ਦੇਣ ਕਾਰਨ ਹੀ ਰਾਜਪਾਲ ਨੂੰ ਵਿਧਾਨ ਸਭਾ ਭੰਗ ਕਰਨ ਦਾ ਸਖ਼ਤ ਫੈਸਲਾ ਲੈਣਾ ਪਿਆ। ਦੂਜੇ ਪਾਸੇ, ਭਾਜਪਾ ਨੇ ਸਰਕਾਰ ਬਣਾਉਣ ਦੀ ਪ੍ਰਕਿਰਿਆ ਤੇਜ਼ ਕਰ ਦਿੱਤੀ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੀਰਵਾਰ ਰਾਤ ਨੂੰ ਕੋਲਕਾਤਾ ਪਹੁੰਚੇ ਅਤੇ (ਬਾਕੀ ਸਫਾ 11 'ਤੇ)

## ਤਾਮਿਲਨਾਡੂ 'ਚ ਸਰਕਾਰ ਬਣਾਉਣ ਦੀਆਂ ਕੋਸ਼ਿਸ਼ਾਂ ਜਾਰੀ

# ਵਿਜੇ ਨੂੰ ਰਾਜਪਾਲ ਨੇ ਮੁੜ ਖਾਲੀ ਹੱਥ ਭੇਜਿਆ ਵਾਪਸ !



ਚੇਨਈ, 7 ਮਈ (ਚ.ਨ.ਸ.): ਤਾਮਿਲਨਾਡੂ ਵੇਤਰੀ ਕਜ਼ਾਗਮ (ਟੀ.ਵੀ.ਕੇ.) ਦੇ ਮੁਖੀ ਵਿਜੇ ਕਾਂਗਰਸ ਪਾਰਟੀ ਦੇ ਸਮਰਥਨ ਨਾਲ ਤਾਮਿਲਨਾਡੂ ਵਿੱਚ ਸਰਕਾਰ ਬਣਾਉਣ ਦਾ ਦਾਅਵਾ ਕਰਨ ਤੋਂ ਇੱਕ ਦਿਨ ਬਾਅਦ ਰਾਜਪਾਲ ਰਾਜੇਂਦਰ ਵਿਸ਼ਵਨਾਥ ਅਰਲੇਕਰ ਨੂੰ ਮਿਲਣ ਲਈ ਲੋਕ ਭਵਨ ਪਹੁੰਚੇ। ਤਾਮਿਲਨਾਡੂ ਵਿਧਾਨ ਸਭਾ ਚੋਣਾਂ ਵਿੱਚ ਟੀ.ਵੀ.ਕੇ. ਦੇ ਅਚਾਨਕ ਸਭ ਤੋਂ ਵੱਡੀ ਪਾਰਟੀ ਵਜੋਂ ਉਭਰਨ ਤੋਂ ਬਾਅਦ ਵਿਜੇ 24 ਘੰਟਿਆਂ ਦੇ ਅੰਦਰ ਦੂਜੀ ਵਾਰ ਲੋਕ ਭਵਨ ਗਏ ਹਨ। ਅਧਿਕਾਰਤ ਸੂਤਰਾਂ ਅਨੁਸਾਰ, ਉਨ੍ਹਾਂ ਨੇ ਬੁੱਧਵਾਰ ਨੂੰ ਰਾਜਪਾਲ ਨੂੰ ਕਾਂਗਰਸ ਪਾਰਟੀ ਦਾ ਸਮਰਥਨ ਪੱਤਰ ਸੌਂਪਿਆ ਅਤੇ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕੀਤਾ। ਹਾਲਾਂਕਿ, ਰਾਜਪਾਲ ਨੇ ਅਜੇ ਤੱਕ ਇਸ ਮਾਮਲੇ 'ਤੇ ਕੋਈ ਫੈਸਲਾ ਨਹੀਂ ਲਿਆ। ਟੀ.ਵੀ.ਕੇ. ਨੇ 108 ਸੀਟਾਂ ਜਿੱਤੀਆਂ ਹਨ, ਜਿਨ੍ਹਾਂ ਵਿਚੋਂ ਵਿਜੇ ਨੂੰ ਜਿੱਤੀਆਂ ਹੋਈਆਂ ਦੋ ਸੀਟਾਂ ਵਿੱਚੋਂ ਇੱਕ ਤੋਂ ਅਸਤੀਫਾ ਦੇਣਾ ਪਵੇਗਾ। (ਬਾਕੀ ਸਫਾ 11 'ਤੇ)

## ਕੈਨੇਡਾ ਰਹਿੰਦੇ ਬੱਚਿਆਂ ਦੇ ਮਾਪਿਆਂ ਵੱਲੋਂ ਖ਼ੁਦਕੁਸ਼ੀ

ਮੁੱਲਾਂਪੁਰ ਦਾਖਾ, 7 ਮਈ (ਚ.ਨ.ਸ.): ਨੇੜਲੇ ਪਿੰਡ ਧਮਾਲ 'ਚ ਪਤੀ-ਪਤਨੀ ਵੱਲੋਂ ਖ਼ੁਦਕੁਸ਼ੀ ਕਰ ਲੈਣ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਅਨੁਸਾਰ ਗੁਰਮੀਤ ਸਿੰਘ (55) ਅਤੇ ਉਸ ਦੀ ਪਤਨੀ ਨਰਿੰਦਰ ਕੌਰ (48) ਨੇ ਘਰ ਵਿਚ ਇਕੱਲੇ ਹੋਣ ਦੌਰਾਨ ਜ਼ਹਿਰ ਖਾ ਕੇ ਖ਼ੁਦਕੁਸ਼ੀ ਕਰ ਲਈ। ਦੋਵੇਂ ਕਾਫੀ ਸਮੇਂ ਤੋਂ ਮਾਨਸਿਕ ਤਣਾਅ ਵਿਚ ਰਹਿ ਰਹੇ ਸਨ ਜਿਨ੍ਹਾਂ ਨੇ ਅਪਣੀ ਜ਼ਮੀਨ ਵੇਚ ਕੇ ਅਪਣੇ ਦੋ ਬੱਚਿਆਂ (ਪੁੱਤਰ ਅਤੇ ਧੀ) ਨੂੰ ਵਿਦੇਸ਼ ਭੇਜਿਆ ਸੀ ਜਿਹੜੇ ਪਿਛਲੇ 4-5 ਸਾਲਾਂ ਤੋਂ ਕੈਨੇਡਾ ਵਿਚ ਰਹਿ ਰਹੇ ਹਨ। ਉਨ੍ਹਾਂ ਦਾ ਇਕ ਪੁੱਤਰ ਸੁਖਮਿੰਦਰ ਸਿੰਘ (22) ਲੁਧਿਆਣਾ ਵਿਚ ਨੌਕਰੀ ਕਰਦਾ ਹੈ ਅਤੇ ਜਦੋਂ ਉਹ ਬੁੱਧਵਾਰ ਸਵੇਰੇ ਤੜਕੇ ਲਗਭਗ 3 ਵਜੇ ਘਰ ਵਾਪਸ ਆਇਆ ਤਾਂ ਉਸ ਨੇ ਮਾਪਿਆਂ ਨੂੰ ਕਈ ਵਾਰ ਫੋਨ ਕੀਤਾ ਪਰ ਕਿਸੇ ਨੇ ਨਹੀਂ ਚੁੱਕਿਆ। ਘਰ ਆ ਕੇ ਵੇਖਿਆ ਤਾਂ ਦਰਵਾਜ਼ਾ ਖੁੱਲ੍ਹਾ ਸੀ ਅਤੇ ਦੋਵੇਂ ਬੇਹੋਸ਼ ਹਾਲਤ ਵਿਚ ਬਿਸਤਰੇ 'ਤੇ ਪਏ ਸਨ। ਮੌਕੇ ਤੋਂ ਇਕ ਸੁਸਾਈਡ ਨੋਟ ਵੀ ਮਿਲਿਆ ਹੈ ਜਿਸ ਵਿਚ ਪਤੀ-ਪਤਨੀ ਨੇ ਅਪਣੀ ਮੌਤ ਲਈ ਕਿਸੇ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ। ਉਨ੍ਹਾਂ ਲਿਖਿਆ ਕਿ (ਬਾਕੀ ਸਫਾ 11 'ਤੇ)

# ਬੇਅਦਬੀਆਂ ਸਬੰਧੀ ਐਕਟ ਦੀ ਸ਼ਬਦਾਵਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲੀ: ਗਿ. ਅਮਰਜੀਤ ਸਿੰਘ

**ਸ਼੍ਰੋਮਣੀ ਕਮੇਟੀ ਪ੍ਰਧਾਨ ਦੀ ਅਗਵਾਈ 'ਚ ਪ੍ਰਚਾਰਕਾਂ, ਗ੍ਰੰਥੀ ਸਿੰਘਾਂ, ਪ੍ਰਬੰਧਕ ਕਮੇਟੀਆਂ ਅਤੇ ਅਖੰਡਪਾਠੀ ਸਭਾਵਾਂ ਦੀ ਹੋਈ ਇਕੱਤਰਤਾ**



ਅੰਮ੍ਰਿਤਸਰ, 7 ਮਈ (ਗੁਰਦਿਆਲ ਸਿੰਘ): ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬਣਾਏ ਗਏ "ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026" ਦੀ ਸ਼ਬਦਾਵਲੀ ਸਿੱਧੇ ਤੌਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲੀ ਹੈ। ਇਹ ਪ੍ਰਗਟਾਵਾ ਗਿਆਨੀ ਅਮਰਜੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਦੀ ਅਗਵਾਈ ਹੇਠ ਸ਼੍ਰੋਮਣੀ ਕਮੇਟੀ ਦਫ਼ਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਪ੍ਰਚਾਰਕ, ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੇ ਗ੍ਰੰਥੀ ਸਿੰਘ, ਪ੍ਰਬੰਧਕ ਕਮੇਟੀਆਂ ਅਤੇ ਅਖੰਡਪਾਠੀ ਸਭਾਵਾਂ ਦੀ ਵਿਸ਼ੇਸ਼ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕੌਮ ਨੂੰ ਸਰਕਾਰ ਦੀ ਇਸ ਸ਼ਰਾਰਤ ਭਰੀ ਕਾਰਵਾਈ ਤੋਂ ਸੁਚੇਤ ਹੋਣ ਲਈ ਆਖਦਿਆਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਬੰਧੀ ਪਾਸ ਕੀਤੇ ਗਏ ਐਕਟ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਸਟੋਰ ਸ਼ਬਦ ਵਰਤਣਾ ਪੰਥਕ ਭਾਵਨਾਵਾਂ ਦੇ ਵਿਰੁੱਧ ਹੈ। (ਬਾਕੀ ਸਫਾ 11 'ਤੇ)

## ਜਲੰਧਰ ਧਮਾਕਾ ਮਾਮਲੇ 'ਚ ਪੁਲਿਸ ਵੱਲੋਂ ਇੱਕ ਸ਼ੱਕੀ ਗ੍ਰਿਫ਼ਤਾਰ

ਬੰਗਾ , 7 ਮਈ (ਚ.ਨ.ਸ.): ਜਲੰਧਰ ਧਮਾਕਾ ਮਾਮਲੇ 'ਚ ਸੁਰੱਖਿਆ ਏਜੰਸੀਆਂ ਨੇ ਜਲੰਧਰ ਦੇ ਬੀ.ਐਸ.ਐਫ਼. ਚੌਕ ਨੇੜੇ ਐਕਟਿਵਾ ਬੰਬ ਧਮਾਕਿਆਂ ਦੇ ਮਾਮਲੇ ਵਿਚ ਇੱਕ ਸ਼ੱਕੀ ਦਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ। ਉਸ ਕੋਲੋਂ ਇਕ ਹੈਂਡ ਗ੍ਰਨੇਡ ਅਤੇ ਇਕ ਇੰਪ੍ਰੋਵਾਈਜ਼ਡ ਐਕਸਪਲੋਸਿਵ ਡਿਵਾਈਸ (ਆਈ.ਈ.ਡੀ.) ਬਰਾਮਦ ਕੀਤਾ ਗਿਆ ਹੈ। ਇਹ ਗ੍ਰਿਫ਼ਤਾਰੀ ਮੁੱਖ ਮੰਤਰੀ ਭਗਵੰਤ ਮਾਨ ਦੇ ਸ਼ਹਿਰ ਵਿਚ ਪ੍ਰੋਗਰਾਮ ਦੌਰਾਨ ਹੋਈ ਹੈ। ਹਾਲਾਂਕਿ ਪੁਲਿਸ ਨੇ ਮੁਲਜ਼ਮ ਦੀ ਗ੍ਰਿਫ਼ਤਾਰੀ ਦੀ ਕੋਈ ਫੋਟੋ ਜਾਂ ਵੀਡੀਓ ਜਾਰੀ ਨਹੀਂ ਕੀਤੀ ਹੈ। ਇਹ ਦਾਅਵਾ ਮੁੱਖ ਮੰਤਰੀ ਦੇ ਜਲੰਧਰ ਦੌਰੇ ਤੋਂ ਠੀਕ ਪਹਿਲਾਂ ਆਇਆ ਹੈ। ਮੁਲਜ਼ਮ ਦੀ ਪਛਾਣ ਦਵਿੰਦਰ ਸਿੰਘ ਵਜੋਂ ਹੋਈ ਹੈ, ਜੋ ਨਵਾਂਸ਼ਹਿਰ ਦੇ ਬੰਗਾ ਦਾ ਰਹਿਣ ਵਾਲਾ ਹੈ। ਉਸ ਨੂੰ ਆਰਮੀ ਏਰੀਆ ਦੇ ਬਹੁਤ ਨੇੜੇ ਇਕ ਇਲਾਕੇ ਤੋਂ ਫੜਿਆ ਗਿਆ ਸੀ। ਜਾਂਚ ਏਜੰਸੀਆਂ ਦੇ ਅਨੁਸਾਰ ਦਵਿੰਦਰ ਪਾਕਿਸਤਾਨੀ ਖ਼ੁਫ਼ੀਆ (ਬਾਕੀ ਸਫਾ 11 'ਤੇ)

CHITKARA UNIVERSITY

ENGINEERING PROGRAMS WITH A WORLD-CLASS REPUTATION

POWERED BY INDUSTRY. DESIGNED FOR THE FUTURE.




Artificial Intelligence & Machine Learning | Computer Science | Information Technology | Electronics & Communication
Electrical | Mechanical | Mechatronics | Mechanical & Smart Manufacturing | Automobile | Civil

Chitkara University's Engineering programs have consistently ranked among the best in the country, earning a strong reputation for exceptional on-campus placements, owing to our solid emphasis on making all our graduates **"industry-ready".**

**Industry-aligned Curriculum designed with leading technology giants to match real-world demands. Some of our knowledge partners are:**

**Cutting-Edge Specialisations** Artificial Intelligence & Machine Learning | App Dev | AR/VR | Blockchain
CyberSecurity | Cloud Computing | Data Science | Embedded Systems | FinTech | Full Stack | Game Design
IoT & Robotics | PLM Tech | Quantum Tech | SpaceTech | VLSI Design | Web 3.0 | EV & HEV

**Be the Talent Employers Want** 750+ campus recruiters hire our Engineering graduates every year

**Focus on Developing AI Skills for the future** Advanced AI & Machine Learning skills, intensive hackathons and competitive programming, global certifications & capstone projects with our industry partners to AI-Proof your career.

**Startup & Innovation Support** Access to incubators, seed funding, pitch events for aspiring entrepreneurs

**Global Mobility for our Engineering Graduates** Semester Exchange | Global Pathway Programs with Top Global Universities, across UK, US, Australia, Canada, Germany & Japan

Call 95011 05714 | 95011 05715
or give a missed call on 1800 267 1999.
Apply online at www.chitkara.edu.in | WhatsApp 98590 00000.

*8 ਮਈ ਵਿਸ਼ਵ ਗਧਾ ਦਿਵਸ 'ਤੇ ਤੱਤਕਾਲੀ ਟਿੱਪਣੀ*

# ਗਧਾ: ਮਨੁੱਖਤਾ ਦੇ ਸਭ ਤੋਂ ਸਹਿਣਸ਼ੀਲ ਸਾਥੀ ਨੂੰ ਇੱਕ ਨਿਮਰ ਸਲਾਮ

ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

================

## ਗਧਿਆਂ ਦਾ ਇਤਿਹਾਸ ਮਨੁੱਖੀ ਸਭਿਆਚਾਰ ਜਿੰਨਾਂ ਪੁਰਾਣਾ



ਅੱਜ ਵਿਸ਼ਵ ਗਧਾ ਦਿਵਸ ਹੈ । ਜਿਸ ਨੂੰ ਲੋਕ ਹੱਸ ਕੇ ਟਾਲ ਦਿੰਦੇ ਹਨ ਪਰ ਇਹ ਬੇਹਦ ਮਹੱਤਵਪੂਰਨ ਦਿਨ ਹੈ। ਦੁਨੀਆਂ ਵਿੱਚ ਕੁਝ ਜੀਵ ਅਜਿਹੇ ਹੁੰਦੇ ਹਨ ਜਿਨ੍ਹਾਂ ਦੀ ਮਹਾਨਤਾ ਉਨ੍ਹਾਂ ਦੀ ਚੁੱਪ ਵਿੱਚ ਲੁਕਿਆ ਕਰਦੀ ਹੈ। ਗਧਾ ਵੀ ਇੱਕ ਐਸਾ ਹੀ ਜੀਵ ਹੈ। ਕੱਲ੍ਹ ਵਿਸ਼ਵ ਗਧਾ ਦਿਵਸ ਮਨਾਇਆ ਜਾ ਰਿਹਾ ਹੈ। ਇਹ ਦਿਨ ਸਿਰਫ਼ ਇੱਕ ਜਾਨਵਰ ਦੀ ਯਾਦ ਜਾਂ ਉਸਦੀ ਉਪਯੋਗਤਾ ਦਾ ਦਿਨ ਨਹੀਂ, ਸਗੋਂ ਮਨੁੱਖੀ ਸਭਿਆਚਾਰ ਦੇ ਉਸ ਨਿਸ਼ਕਾਮ ਸਾਥੀ ਨੂੰ ਸਲਾਮ ਕਰਨ ਦਾ ਦਿਨ ਹੈ ਜਿਸਨੇ ਹਜ਼ਾਰਾਂ ਸਾਲਾਂ ਤੋਂ ਮਨੁੱਖ ਦਾ ਬੋਝ ਢੋਇਆ, ਉਸਦੀ ਜ਼ਿੰਦਗੀ ਆਸਾਨ ਬਣਾਈ, ਪਰ ਬਦਲੇ ਵਿੱਚ ਤਿਰਸਕਾਰ, ਮਜ਼ਾਕ ਅਤੇ ਗਾਲਾਂ ਹੀ ਪ੍ਰਾਪਤ ਕੀਤੀਆਂ।

ਗਧੇ ਦਾ ਇਤਿਹਾਸ ਮਨੁੱਖੀ ਸਭਿਆਚਾਰ ਜਿੰਨਾ ਪੁਰਾਣਾ ਹੈ। ਜਦੋਂ ਨਾ ਮਸ਼ੀਨਾਂ ਸਨ, ਨਾ ਵੱਡੇ ਵਾਹਨ, ਨਾ ਆਧੁਨਿਕ ਸੜਕਾਂ—ਉਸ ਵੇਲੇ ਪਹਾੜਾਂ, ਰੇਤਲੇ ਇਲਾਕਿਆਂ ਅਤੇ ਪਿੰਡਾਂ ਦੇ ਰਸਤੇ ਮਨੁੱਖ ਦੇ ਜੀਵਨ ਨੂੰ ਚਲਾਉਣ ਵਾਲਾ ਇਹੀ ਸਧਾਰਨ ਜੀਵ ਸੀ। ਖੇਤੀਬਾੜੀ, ਇਮਾਰਤਾਂ ਦਾ ਨਿਰਮਾਣ, ਵਪਾਰ, ਪਾਣੀ ਅਤੇ ਅਨਾਜ ਦੀ ਢੁਆਈ—ਹਰ ਥਾਂ ਗਧਾ ਮਨੁੱਖ ਦਾ ਚੁੱਪਚਾਪ ਸਾਥੀ ਬਣਿਆ।

ਦੁਖਦਾਈ ਗੱਲ ਇਹ ਹੈ ਕਿ ਮਨੁੱਖ ਨੇ ਆਪਣੀ ਹੀ ਸਹੂਲਤ ਲਈ ਵਰਤੇ ਇਸ ਜੀਵ ਨੂੰ ਮੂਰਖਤਾ ਦਾ ਪ੍ਰਤੀਕ ਬਣਾ ਦਿੱਤਾ, ਜਦਕਿ ਹਕੀਕਤ ਇਸਦੇ ਉਲਟ ਹੈ। ਵਿਗਿਆਨੀ ਅਤੇ ਪਸ਼ੂ ਵਿਹਾਰ ਦੇ ਮਾਹਿਰ ਮੰਨਦੇ ਹਨ ਕਿ ਗਧੇ ਬਹੁਤ ਸੰਵੇਦਨਸ਼ੀਲ ਅਤੇ ਮਨੋਵਿਗਿਆਨਕ ਤੌਰ 'ਤੇ ਸਿਆਣੇ ਜੀਵ ਹੁੰਦੇ ਹਨ। ਉਹ ਖ਼ਤਰੇ ਨੂੰ ਪਹਿਲਾਂ ਮਹਿਸੂਸ ਕਰ ਲੈਂਦੇ ਹਨ, ਮਨੁੱਖ ਦੇ ਸੁਭਾਅ ਨੂੰ ਪਛਾਣ ਲੈਂਦੇ ਹਨ ਅਤੇ ਆਪਣੇ ਮਾਲਕ ਦੀ ਭਾਵਨਾ ਨੂੰ ਸਮਝਦੇ ਹਨ।

ਕਈ ਵਾਰ ਲੱਗਦਾ ਹੈ ਕਿ ਗਧੇ ਮਨੁੱਖਾਂ ਤੋਂ ਵੀ ਵੱਧ ਧੀਰਜ ਅਤੇ ਮਨੁੱਖਤਾ ਨੂੰ ਸਮਝਦੇ ਹਨ। ਉਹ ਨਾ ਸ਼ਿਕਾਇਤ ਕਰਦੇ ਹਨ, ਨਾ ਬਦਲਾ ਲੈਂਦੇ ਹਨ, ਨਾ ਧੋਖਾ ਦਿੰਦੇ ਹਨ। ਉਹ ਸਿਰਫ਼ ਆਪਣਾ ਫ਼ਰਜ਼ ਨਿਭਾਉਂਦੇ ਹਨ। ਮਨੁੱਖੀ ਸਮਾਜ ਵਿੱਚ ਜਿੱਥੇ ਚਤੁਰਾਈ ਅਕਸਰ ਸਵਾਰਥ ਵਿੱਚ ਬਦਲ ਜਾਂਦੀ ਹੈ, ਉੱਥੇ ਗਧੇ ਦੀ ਸਾਦਗੀ ਇੱਕ ਉੱਚੀ ਨੈਤਿਕਤਾ ਵਰਗੀ ਲੱਗਦੀ ਹੈ। ਗਧਾ ਸਾਨੂੰ ਸਹਿਨਸ਼ੀਲਤਾ ਸਿਖਾਉਂਦਾ ਹੈ। ਉਹ ਬੋਝ ਹੇਠਾਂ ਵੀ ਸ਼ਾਂਤ ਰਹਿੰਦਾ ਹੈ। ਉਹ ਹੰਕਾਰ ਨਹੀਂ ਕਰਦਾ। ਉਹ ਦਿਖਾਵਾ ਨਹੀਂ ਕਰਦਾ। ਉਹ ਚੁੱਪ ਰਹਿ ਕੇ ਮਨੁੱਖ ਦੀ ਸੇਵਾ ਕਰਦਾ ਹੈ। ਸ਼ਾਇਦ ਇਸੇ ਕਰਕੇ ਕਈ ਸੰਤਾਂ ਅਤੇ ਲੋਕ ਕਥਾਵਾਂ ਵਿੱਚ ਗਧੇ ਨੂੰ ਧੀਰਜ, ਸੇਵਾ ਅਤੇ ਨਿਮਰਤਾ ਦਾ ਪ੍ਰਤੀਕ ਮੰਨਿਆ ਗਿਆ ਹੈ। ਅੱਜ ਜਦੋਂ ਮਨੁੱਖ ਮਾਨਸਿਕ ਤਣਾਅ, ਅਸਹਿਨਸ਼ੀਲਤਾ ਅਤੇ ਅਹੰਕਾਰ ਨਾਲ ਭਰਿਆ ਹੋਇਆ ਹੈ, ਗਧਾ ਸਾਨੂੰ ਇੱਕ ਵੱਡਾ ਜੀਵਨ ਦਰਸ਼ਨ ਦਿੰਦਾ ਹੈ—ਚੁੱਪ ਰਹਿ ਕੇ ਵੀ ਦੁਨੀਆਂ ਨੂੰ ਸੁਖ ਦਿੱਤਾ ਜਾ ਸਕਦਾ ਹੈ। ਵਿਸ਼ਵ ਗਧਾ ਦਿਵਸ ਸਾਨੂੰ ਇਹ ਸੋਚਣ ਲਈ ਮਜਬੂਰ ਕਰਦਾ ਹੈ ਕਿ ਜਿਸ ਜੀਵ ਨੇ ਮਨੁੱਖੀ ਸਭਿਆਚਾਰ ਨੂੰ ਆਪਣੇ ਮੋਢਿਆਂ 'ਤੇ ਢੋਇਆ, ਕੀ ਅਸੀਂ ਉਸਨੂੰ ਕਦੇ ਉਸਦਾ ਯੋਗ ਸਤਿਕਾਰ ਦਿੱਤਾ? ਅਸਲ ਵਿੱਚ ਗਧਾ ਮੂਰਖਤਾ ਦਾ ਨਹੀਂ, ਸਹਿਨਸ਼ੀਲਤਾ ਦਾ ਪ੍ਰਤੀਕ ਹੈ। ਉਹ ਮਨੁੱਖਤਾ ਦਾ ਇੱਕ ਐਸਾ ਨਿਸ਼ਕਾਮ ਭਗਤ ਹੈ ਜੋ ਬਿਨਾਂ ਕਿਸੇ ਸ਼ੋਰ ਦੇ ਮਨੁੱਖੀ ਜੀਵਨ ਨੂੰ ਆਸਾਨ ਬਣਾਉਂਦਾ ਰਿਹਾ। ਕਈ ਵਾਰ ਤਾਂ ਲੱਗਦਾ ਹੈ ਕਿ ਦੁਨੀਆਂ ਨੂੰ ਅੱਜ ਹੋਰ ਜ਼ਿਆਦਾ ਗਧਿਆਂ ਦੀ ਲੋੜ ਹੈ—ਸਿੱਧੇ, ਸਾਧੇ, ਮਿਹਨਤੀ ਅਤੇ ਵਿਸ਼ਵਾਸਯੋਗ ਜੀਵਾਂ ਦੀ—ਕਿਉਂਕਿ ਚਤੁਰ ਮਨੁੱਖਾਂ ਨੇ ਤਾਂ ਦੁਨੀਆਂ ਨੂੰ ਬਹੁਤ ਉਲਝਾ ਦਿੱਤਾ ਹੈ।

## ਸੰਪਾਦਕੀ

# ਵਿਗੜਦੇ ਹਾਲਾਤ

ਪੰਜਾਬ ਵਿੱਚ ਅੱਤਵਾਦੀ ਗਤੀਵਿਧੀਆਂ ਵਿੱਚ ਹਾਲ ਹੀ ਵਿੱਚ ਵਾਧਾ ਇੱਕ ਗੰਭੀਰ ਖ਼ਤਰੇ ਵੱਲ ਇਸ਼ਾਰਾ ਕਰਦਾ ਹੈ। ਪਿਛਲੇ ਦਸ ਦਿਨਾਂ ਵਿੱਚ ਰਾਜ ਵਿੱਚ ਹੋਏ ਤਿੰਨ ਬੰਬ ਧਮਾਕਿਆਂ ਨੇ ਇਸ ਚਿੰਤਾ ਨੂੰ ਹੋਰ ਡੂੰਘਾ ਕਰ ਦਿੱਤਾ ਹੈ। ਹੁਣ ਤੱਕ ਦੀਆਂ ਜਾਂਚਾਂ ਦੇ ਨਤੀਜੇ ਸਪੱਸ਼ਟ ਤੌਰ 'ਤੇ ਦਰਸਾਉਂਦੇ ਹਨ ਕਿ ਇਸ ਰਾਜ ਵਿੱਚ ਇੱਕ ਖਾਲਿਸਤਾਨ ਪੱਖੀ ਅੱਤਵਾਦੀ ਨੈੱਟਵਰਕ ਮੁੜ ਉੱਭਰ ਰਿਹਾ ਹੈ, ਜਿਸਨੇ ਦਹਿਸ਼ਤਵਾਦ ਦੇ ਮੁਸ਼ਕਲ ਦੌਰ ਨੂੰ ਸਹਿਣ ਕੀਤਾ ਹੈ। ਮੰਗਲਵਾਰ ਰਾਤ ਨੂੰ ਜਲੰਧਰ ਅਤੇ ਅੰਮ੍ਰਿਤਸਰ ਵਿੱਚ ਹੋਏ ਦੋ ਲੜੀਵਾਰ ਧਮਾਕਿਆਂ ਨੇ ਰਾਜ ਦੀਆਂ ਸੁਰੱਖਿਆ ਏਜੰਸੀਆਂ ਦੀ ਚੌਕਸੀ ਅਤੇ ਖੁਫੀਆ ਜਾਣਕਾਰੀ 'ਤੇ ਸਵਾਲ ਖੜ੍ਹੇ ਕੀਤੇ ਹਨ। ਇਨ੍ਹਾਂ ਧਮਾਕਿਆਂ ਦੀ ਗੰਭੀਰਤਾ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਦੋਵਾਂ ਥਾਵਾਂ 'ਤੇ ਸੁਰੱਖਿਆ ਸਥਾਪਨਾਵਾਂ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਸੀ। ਇਸ ਅੱਤਵਾਦੀ ਨੈੱਟਵਰਕ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਵੱਖ-ਵੱਖ ਸਮੂਹਾਂ ਨਾਲ ਸਬੰਧਤ ਜ਼ਿਆਦਾਤਰ ਅੱਤਵਾਦੀ ਸਮਾਜ ਵਿੱਚ ਆਮ ਨਾਗਰਿਕਾਂ ਵਾਂਗ ਰਹਿੰਦੇ ਹਨ, ਜਿਸ ਕਾਰਨ ਉਨ੍ਹਾਂ ਦੀ ਪਛਾਣ ਕਰਨਾ ਮੁਸ਼ਕਲ ਹੋ ਜਾਂਦਾ ਹੈ। ਜਦੋਂ ਮੌਕਾ ਮਿਲਦਾ ਹੈ, ਤਾਂ ਉਹ ਆਪਣੇ ਮਾਲਕਾਂ ਦੇ ਨਿਰਦੇਸ਼ਾਂ ਹੇਠ ਹਮਲਾ ਕਰਨ ਲਈ ਸਰਗਰਮ ਹੋ ਜਾਂਦੇ ਹਨ। ਜ਼ਿਕਰਯੋਗ ਹੈ ਕਿ ਮੰਗਲਵਾਰ ਰਾਤ ਨੂੰ ਲਗਭਗ 8 ਵਜੇ ਪੰਜਾਬ ਦੇ ਜਲੰਧਰ ਵਿੱਚ ਸੀਮਾ ਸੁਰੱਖਿਆ ਬਲ ਦੇ ਪੰਜਾਬ ਫਰੰਟੀਅਰ ਹੈੱਡਕੁਆਰਟਰ ਦੇ ਬਾਹਰ ਇੱਕ ਧਮਾਕਾ ਹੋਇਆ। ਅੰਮ੍ਰਿਤਸਰ ਵਿੱਚ ਫੌਜੀ ਛਾਉਣੀ ਨੇੜੇ ਰਾਤ 11 ਵਜੇ ਦੇ ਕਰੀਬ ਦੂਜਾ ਧਮਾਕਾ ਹੋਇਆ। ਪਾਬੰਦੀਸ਼ੁਦਾ ਸੰਗਠਨ ਖਾਲਿਸਤਾਨ ਲਿਬਰੇਸ਼ਨ ਆਰਮੀ ਨੇ ਜਲੰਧਰ ਧਮਾਕੇ ਦੀ ਜ਼ਿੰਮੇਵਾਰੀ ਲਈ ਹੈ ਅਤੇ ਪੁਲਿਸ ਨੇ ਇਸਦੀ ਪੁਸ਼ਟੀ ਕੀਤੀ ਹੈ। ਇਸ ਤੋਂ ਪਹਿਲਾਂ 27 ਅਪ੍ਰੈਲ ਨੂੰ ਪਟਿਆਲਾ ਦੇ ਸ਼ੰਭੂ ਖੇਤਰ ਵਿੱਚ ਇੱਕ ਮਾਲ ਗੱਡੀ ਵਿੱਚ ਪਟੜੀਆਂ 'ਤੇ ਧਮਾਕਾ ਹੋਇਆ ਸੀ। ਪੁਲਿਸ ਨੇ ਇਸ ਘਟਨਾ ਦੇ ਸਬੰਧ ਵਿੱਚ ਖਾਲਿਸਤਾਨ ਪੱਖੀ ਅੱਤਵਾਦੀ ਗਿਰੋਹ ਦੇ ਚਾਰ ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਇਹ ਘਟਨਾਵਾਂ ਇੱਕ ਗੰਭੀਰ ਖੁਫੀਆ ਅਸਫਲਤਾ ਅਤੇ ਸੁਰੱਖਿਆ ਖਾਮੀਆਂ ਵੱਲ ਇਸ਼ਾਰਾ ਕਰਦੀਆਂ ਹਨ। ਸੂਬਾ ਪੁਲਿਸ ਦਾ ਮੰਨਣਾ ਹੈ ਕਿ ਪਾਕਿਸਤਾਨ ਦੀ ਖੁਫੀਆ ਏਜੰਸੀ, ਆਈਐਸਆਈ, ਇਨ੍ਹਾਂ ਅੱਤਵਾਦੀ ਹਮਲਿਆਂ ਪਿੱਛੇ ਹੈ। ਖਾਲਿਸਤਾਨ ਪੱਖੀ ਖਾੜਕੂ ਸਮੂਹਾਂ ਨੂੰ ਸਰਹੱਦ ਪਾਰ ਤੋਂ ਸਿਖਲਾਈ, ਵਿਸਫੋਟਕ ਅਤੇ ਹਥਿਆਰ ਮੁਹੱਈਆ ਕਰਵਾਏ ਜਾ ਰਹੇ ਹਨ। ਹਾਲਾਂਕਿ, ਸਵਾਲ ਇਹ ਹੈ ਕਿ ਸੁਰੱਖਿਆ ਏਜੰਸੀਆਂ ਨਿਯਮਤ ਤੌਰ 'ਤੇ ਅਜਿਹੀਆਂ ਗਤੀਵਿਧੀਆਂ ਦੀ ਨਿਗਰਾਨੀ ਕਰਨ ਅਤੇ ਕੋਈ ਵੀ ਘਟਨਾ ਵਾਪਰਨ ਤੋਂ ਪਹਿਲਾਂ ਗੈਰ ਸਮਾਜੀ ਅਨਸਰਾਂ ਨੂੰ ਫੜਨ ਵਿੱਚ ਅਸਫਲ ਕਿਉਂ ਹਨ? ਪੁਲਿਸ ਦੇ ਅਨੁਸਾਰ ਅੰਮ੍ਰਿਤਸਰ ਧਮਾਕੇ ਵਾਲੀ ਥਾਂ 'ਤੇ ਆਈਈਡੀ ਦੇ ਟੁਕੜੇ ਮਿਲੇ ਹਨ, ਜੋ ਦਰਸਾਉਂਦੇ ਹਨ ਕਿ ਧਮਾਕਾ ਜਾਂ ਤਾਂ ਟਾਈਮ ਬੰਬ ਸੀ ਜਾਂ ਰਿਮੋਟ-ਕੰਟਰੋਲ ਧਮਾਕਾ। ਅਜਿਹੀ ਸਥਿਤੀ ਵਿੱਚ ਸੁਰੱਖਿਆ ਅਦਾਰਿਆਂ ਦੀ ਸੁਰੱਖਿਆ 'ਤੇ ਸਵਾਲ ਉੱਠਣਾ ਸੁਭਾਵਿਕ ਹੈ। ਜੇਕਰ ਸੁਰੱਖਿਆ ਬਲਾਂ ਦੇ ਅਹਾਤੇ ਵਿੱਚ ਸੁਰੱਖਿਆ ਪ੍ਰਬੰਧ ਇੰਨੇ ਕਮਜ਼ੋਰ ਹਨ ਕਿ ਕੋਈ ਵੀ ਉੱਥੇ ਵਿਸਫੋਟਕ ਰੱਖ ਸਕਦਾ ਹੈ, ਤਾਂ ਹੋਰ ਜਨਤਕ ਥਾਵਾਂ 'ਤੇ ਸੁਰੱਖਿਆ ਦੇ ਪੱਧਰ ਦੀ ਕਲਪਨਾ ਕਰਨਾ ਆਸਾਨ ਹੈ। ਪੰਜਾਬ ਵਿੱਚ ਅੱਤਵਾਦੀ ਨੈੱਟਵਰਕ ਦੇ ਫੈਲਦੇ ਦਾਇਰੇ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਪਿਛਲੇ ਸਾਲ ਜੁਲਾਈ ਵਿੱਚ ਸੁਰੱਖਿਆ ਏਜੰਸੀਆਂ ਨੇ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਤਿੰਨ ਖਾੜਕੂਆਂ ਨੂੰ ਗ੍ਰਿਫ਼ਤਾਰ ਕੀਤਾ ਸੀ। ਲਗਭਗ ਤਿੰਨ ਮਹੀਨਿਆਂ ਬਾਅਦ ਇੱਕ ਗ੍ਰਨੇਡ ਹਮਲੇ ਦੀ ਸਾਜ਼ਿਸ਼ ਦੇ ਸਬੰਧ ਵਿੱਚ ਦਸ ਸ਼ੱਕੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਇਹ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਇਸ ਸੂਬੇ ਵਿੱਚ ਖਾੜਕੂਵਾਦ ਦਾ ਖ਼ਤਰਾ ਇੱਕ ਵਾਰ ਫਿਰ ਵਧ ਰਿਹਾ ਹੈ, ਜੋ ਅੱਤਵਾਦ ਦੇ ਅੰਤ ਤੋਂ ਬਾਅਦ ਸ਼ਾਂਤੀ ਅਤੇ ਖੁਸ਼ਹਾਲੀ ਦੇ ਰਾਹ 'ਤੇ ਵਾਪਸ ਆਇਆ ਹੈ। ਜੇਕਰ ਸਥਿਤੀ ਨੂੰ ਤੁਰੰਤ ਹੱਲ ਨਾ ਕੀਤਾ ਗਿਆ ਤਾਂ ਸੂਬੇ ਵਿੱਚ ਸਥਿਤੀ ਬਿਨਾਂ ਸ਼ੱਕ ਦੁਬਾਰਾ ਵਿਗੜ ਸਕਦੀ ਹੈ।

-ਜਗਜੀਤ ਸਿੰਘ ਦਰਦੀ

## ਅੱਜ ਪੰਜਾਬ ਵਿੱਚ ਰਾਜਨੀਤੀਕ ਬੌਧਿਕ ਕੰਗਾਲੀ ਦਾ ਦ੍ਰਿਸ਼

# ਅੱਜ ਰਾਜਨੀਤਿਕ ਰੈਲੀਆਂ ਦੀ ਨਹੀਂ, ਰਾਜਨੀਤਿਕ ਦਰਸ਼ਨ ਦੀ ਲੋੜ ?



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਪੰਜਾਬ ਅੱਜ ਇੱਕ ਅਜਿਹੇ ਇਤਿਹਾਸਕ ਮੋੜ 'ਤੇ ਖੜ੍ਹਾ ਹੈ, ਜਿੱਥੇ ਰਾਜਨੀਤੀ ਦਾ ਕੇਂਦਰ ਲੋਕ-ਹਿਤ ਨਹੀਂ, ਸਗੋਂ ਪ੍ਰਚਾਰ-ਹਿਤ ਬਣ ਚੁੱਕਾ ਹੈ। ਇੱਕ ਪਾਸੇ ਮੁੱਖ ਮੰਤਰੀ ਵਿਰੋਧੀ ਧਿਰਾਂ, ਖ਼ਾਸ ਕਰਕੇ ਭਾਜਪਾ, ਉੱਤੇ "ਦੰਗੇ ਭੜਕਾਉਣ", "ਪੰਜਾਬ ਦਾ ਮਾਹੌਲ ਖਰਾਬ ਕਰਨ" ਅਤੇ "ਸਾਜ਼ਿਸ਼ੀ ਰਾਜਨੀਤੀ" ਦੇ ਦੋਸ਼ ਲਗਾ ਰਹੇ ਹਨ।

ਅੱਜ ਇਹ ਉਹ ਸਮਾਂ ਹੈ ਜਦੋਂ ਪੰਜਾਬ ਉੱਤੇ ਚਾਰ ਲੱਖ ਕਰੋੜ ਤੋਂ ਵੱਧ ਦਾ ਕਰਜ਼ਾ ਹੈ, ਨੌਜਵਾਨ ਨਸ਼ਿਆਂ ਵਿੱਚ ਡੁੱਬ ਰਹੇ ਹਨ, ਕਿਸਾਨ ਆਰਥਿਕ ਤੌਰ 'ਤੇ ਟੁੱਟ ਚੁੱਕਾ ਹੈ, ਉਦਯੋਗ ਰਾਜ ਛੱਡ ਰਿਹਾ ਹੈ ਅਤੇ ਸਰਕਾਰੀ ਪ੍ਰਣਾਲੀ ਭ੍ਰਿਸ਼ਟਾਚਾਰ ਦੇ ਦਲਦਲ ਵਿੱਚ ਫਸੀ ਹੋਈ ਹੈ। ਅੱਜ ਇਸ ਪਸਮੰਜ਼ਰ ਵਿੱਚ ਸਭ ਤੋਂ ਵੱਡਾ ਪ੍ਰਸ਼ਨ ਇਹ ਹੈ ਕਿ ਕੀ ਪੰਜਾਬ ਦੀ ਰਾਜਨੀਤੀ ਹੁਣ ਸਿਰਫ਼ ਯਾਤਰਾਵਾਂ, ਡਰਾਮਿਆਂ, ਦੋਸ਼ਾਂ, ਮੰਚਾਂ ਅਤੇ ਨਾਅਰਿਆਂ ਤੱਕ ਹੀ ਸੀਮਿਤ ਰਹਿ ਗਈ ਹੈ? ਕੀ ਕਿਸੇ ਵੀ ਰਾਜਨੀਤਿਕ ਪਾਰਟੀ ਕੋਲ ਪੰਜਾਬ ਦੇ ਭਵਿੱਖ ਲਈ ਕੋਈ ਸਪੱਸ਼ਟ ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਰੋਡਮੈਪ ਹੈ?

ਕੀ ਅੱਜ ਫ਼ਿਰ ਪੰਜਾਬ ਦਾ ਭਵਿੱਖ ਅਗਲੇ ਪੰਜਾਹ ਸਾਲ ਵੀ ਪੁਲਿਸ ਰਾਜ, ਡਰੱਗ ਮਾਫੀਆ, ਗੈਂਗਸਟਰ ਸੰਸਕ੍ਰਿਤੀ, ਲਾਅ ਐਂਡ ਆਰਡਰ ਦੇ ਸੰਕਟ ਅਤੇ ਰਾਜਨੀਤਿਕ ਨਾਟਕਾਂ ਵਿੱਚ ਹੀ ਲੰਘ ਜਾਣਾ ਹੈ? ਅੱਜ ਅਸਲ ਵਿੱਚ ਪੰਜਾਬ ਦੀ ਮੌਜੂਦਾ ਰਾਜਨੀਤੀ ਇੱਕ ਡੂੰਘੇ ਬੌਧਿਕ ਦੀਵਾਲੀਆਪਣ ਦਾ ਪ੍ਰਤੀਕ ਬਣ ਚੁੱਕੀ ਹੈ। ਇਹ ਉਹ ਰਾਜਨੀਤੀ ਹੈ, ਜਿਸ ਵਿੱਚ ਵਿਚਾਰ ਨਹੀਂ, ਵਿਗਿਆਪਨ ਹਨ; ਦ੍ਰਿਸ਼ਟੀ ਨਹੀਂ, ਡਰਾਮੇ ਹਨ; ਨੀਤੀ ਨਹੀਂ, ਨਾਅਰੇ ਹਨ ਅਤੇ ਭਵਿੱਖ ਦੀ ਯੋਜਨਾ ਨਹੀਂ, ਸਿਰਫ਼ ਚੋਣ ਪ੍ਰਬੰਧਨ ਹੈ।

ਅੱਜ ਹੁਣ ਇਹ ਸਵਾਲ ਪੁੱਛਣਾ ਲਾਜ਼ਮੀ ਹੈ ਕਿ ਇੱਕ ਐਸਾ ਸੂਬਾ ਜਿਸਦੇ ਸਿਰ ਉੱਤੇ ਕਰਜ਼ੇ ਦਾ ਪਹਾੜ ਖੜ੍ਹਾ ਹੋਵੇ, ਜਿੱਥੇ ਹਰ ਨਵਜਨਮੇ ਬੱਚੇ ਦੇ ਸਿਰ ਉੱਤੇ ਲੱਖਾਂ ਰੁਪਏ ਦਾ ਕਰਜ਼ਾ ਹੋਵੇ, ਜਿੱਥੇ ਸਰਕਾਰੀ ਵਿਭਾਗਾਂ ਕੋਲ ਵਿਕਾਸ ਲਈ ਧਨ ਨਾ ਹੋਵੇ, ਉੱਥੇ ਸਰਕਾਰੀ ਖਰਚੇ 'ਤੇ ਵੱਡੀਆਂ ਯਾਤਰਾਵਾਂ ਅਤੇ ਰਾਜਨੀਤਿਕ ਪ੍ਰਚਾਰਾਂ ਦਾ ਨੈਤਿਕ ਅਧਿਕਾਰ ਕਿਸਨੂੰ ਹੈ?

ਅੱਜ ਪੰਜਾਬ ਦੀਆਂ ਸੜਕਾਂ 'ਤੇ ਜਿਹੜੀਆਂ ਕਾਫ਼ਲਿਆਂ ਵਾਲੀਆਂ ਰਾਜਨੀਤਿਕ ਯਾਤਰਾਵਾਂ ਦਿਖਦੀਆਂ ਹਨ, ਉਹ ਲੋਕਾਂ ਦੇ ਦੁੱਖਾਂ ਦੀ ਯਾਤਰਾ ਨਹੀਂ; ਉਹ ਸੱਤਾ ਦੇ ਪ੍ਰਦਰਸ਼ਨ ਦੀ ਯਾਤਰਾ ਹਨ। ਉਨ੍ਹਾਂ ਵਿੱਚ ਨਾ ਕਿਸਾਨ ਦੀ ਆਵਾਜ਼ ਹੈ, ਨਾ ਬੇਰੁਜ਼ਗਾਰ ਨੌਜਵਾਨ ਦਾ ਦਰਦ, ਨਾ ਉਦਯੋਗਪਤੀ ਦੀ ਚਿੰਤਾ, ਨਾ ਅਧਿਆਪਕ ਦੀ ਪੀੜਾ, ਨਾ ਪੰਜਾਬ ਦੀ ਡਿੱਗ ਰਹੀ ਸਿੱਖਿਆ ਅਤੇ ਸਿਹਤ ਪ੍ਰਣਾਲੀ ਦਾ ਸਵਾਲ ਹੈ।

ਅੱਜ ਪੰਜਾਬ ਦੀ ਰਾਜਨੀਤੀ ਦੀ ਸਭ ਤੋਂ ਵੱਡੀ ਵਿਡੰਬਨਾ ਇਹ ਹੈ ਕਿ ਇੱਥੇ ਹਰ ਪਾਰਟੀ ਦੂਜੀ ਨੂੰ "ਖ਼ਤਰਾ"ਦਿਖਾ ਕੇ ਖੁਦ ਨੂੰ "ਮੁਕਤੀਦਾਤਾ"ਵਜੋਂ ਪੇਸ਼ ਕਰਦੀ ਹੈ। ਇੱਕ ਪਾਸੇ ਆਪ ਭਾਜਪਾ ਨੂੰ ਪੰਜਾਬ ਲਈ ਖ਼ਤਰਾ ਦੱਸਦੀ ਹੈ, ਦੂਜੇ ਪਾਸੇ ਭਾਜਪਾ ਆਪ ਨੂੰ "ਰਾਸ਼ਟਰਵਾਦ"ਦੇ ਨਾਮ 'ਤੇ ਇਕਲੌਤਾ ਵਿਕਲਪ ਕਹਿੰਦੀ ਹੈ। ਕਾਂਗਰਸ ਆਪਣੀ ਪੁਰਾਣੀ ਵਿਰਾਸਤ ਦੀ ਦੁਹਾਈ ਦਿੰਦੀ ਹੈ, ਅਕਾਲੀ ਦਲ ਪੰਥਕਤਾ ਦੀ ਗੱਲ ਕਰਦਾ ਹੈ। ਪਰ ਇਨ੍ਹਾਂ ਸਾਰਿਆਂ ਦੇ ਵਿਚਕਾਰ ਪੰਜਾਬ ਗਾਇਬ ਹੈ।

ਪੰਜਾਬ ਦਾ ਅਸਲ ਸਵਾਲ ਹੈ— ਕੀ ਪੰਜਾਬ ਕੋਲ ਅਗਲੇ 25 ਸਾਲਾਂ ਦਾ ਕੋਈ ਆਰਥਿਕ ਵਿਜ਼ਨ ਹੈ? ਕੀ ਕੋਈ ਪਾਰਟੀ ਦੱਸ ਸਕਦੀ ਹੈ ਕਿ ਪੰਜਾਬ ਖੇਤੀ ਤੋਂ ਬਾਅਦ ਕਿਹੜੀ ਨਵੀਂ ਆਰਥਿਕਤਾ ਖੜ੍ਹੀ ਕਰੇਗਾ?

ਕੀ ਕਿਸੇ ਕੋਲ ਉਦਯੋਗ, ਆਈ.ਟੀ., ਖੋਜ, ਸਿੱਖਿਆ, ਟੂਰਿਜ਼ਮ, ਵਾਤਾਵਰਣ ਅਤੇ ਨੌਜਵਾਨਾਂ ਲਈ ਲੰਬੀ ਯੋਜਨਾ ਹੈ? ਦੁਖਦਾਈ ਸੱਚ ਇਹ ਹੈ ਕਿ ਕਿਸੇ ਕੋਲ ਨਹੀਂ।

ਅੱਜ ਪੰਜਾਬ ਦੀ ਰਾਜਨੀਤੀ ਅੱਜ ਸਿਰਫ਼ "ਇਵੈਂਟ ਮੈਨੇਜਮੈਂਟ"ਬਣ ਚੁੱਕੀ ਹੈ। ਸਰਕਾਰਾਂ ਹੁਣ ਕੰਮ ਘੱਟ ਤੇ ਪ੍ਰਚਾਰ ਜ਼ਿਆਦਾ ਕਰਦੀਆਂ ਹਨ। ਪੰਜ ਸਾਲ ਦੀ ਸਰਕਾਰ ਹੁਣ ਨੀਤੀਆਂ ਨਾਲ ਨਹੀਂ, ਸਗੋਂ ਸੋਸ਼ਲ ਮੀਡੀਆ ਦੀਆਂ ਵੀਡੀਓਆਂ, ਹੈਸ਼ਟੈਗਾਂ ਅਤੇ ਵੱਡੇ-ਵੱਡੇ ਮੰਚਾਂ ਨਾਲ ਮਾਪੀ ਜਾਂਦੀ ਹੈ। ਜਿਵੇਂ ਲੋਕਤੰਤਰ ਨਹੀਂ, ਕੋਈ ਲਗਾਤਾਰ ਚੱਲਦਾ ਚੋਣ ਮੇਲਾ ਹੋਵੇ।

ਅੱਜ ਇਸ ਬੌਧਿਕ ਕੰਗਾਲੀ ਦਾ ਸਭ ਤੋਂ ਵੱਡਾ ਨੁਕਸਾਨ ਪੰਜਾਬ ਦੇ ਨੌਜਵਾਨ ਨੂੰ ਹੋਇਆ ਹੈ। ਅੱਜ ਦਾ ਨੌਜਵਾਨ ਨਾ ਰਾਜਨੀਤੀ 'ਤੇ ਵਿਸ਼ਵਾਸ ਕਰਦਾ ਹੈ, ਨਾ ਪ੍ਰਣਾਲੀ 'ਤੇ। ਉਹ ਜਾਂ ਤਾਂ ਵਿਦੇਸ਼ ਜਾਣਾ ਚਾਹੁੰਦਾ ਹੈ ਜਾਂ ਨਿਰਾਸ਼ਾ ਵਿੱਚ ਡੁੱਬਦਾ ਜਾ ਰਿਹਾ ਹੈ। ਇਹ ਕਿਸੇ ਵੀ ਸਮਾਜ ਲਈ ਸਭ ਤੋਂ ਖ਼ਤਰਨਾਕ ਹਾਲਤ ਹੁੰਦੀ ਹੈ ਜਦੋਂ ਉਸਦਾ ਨੌਜਵਾਨ ਆਪਣੀ ਧਰਤੀ ਨਾਲ ਆਸ ਛੱਡ ਦੇਵੇ।

ਅੱਜ ਨਸ਼ੇ ਦਾ ਮਸਲਾ ਪੰਜਾਬ ਦੀ ਆਤਮਾ ਨੂੰ ਖਾ ਰਿਹਾ ਹੈ। ਹਰ ਸਰਕਾਰ ਨੇ ਨਸ਼ਿਆਂ ਦੇ ਖ਼ਾਤਮੇ ਦੇ ਦਾਅਵੇ ਕੀਤੇ, ਪਰ ਡਰੱਗ ਮਾਫੀਆ ਹੋਰ ਤਾਕਤਵਰ ਹੋ ਗਿਆ। ਸਵਾਲ ਇਹ ਹੈ ਕਿ ਜਦੋਂ ਰਾਜਨੀਤੀ ਹੀ ਪ੍ਰਬੰਧਕੀ ਅਤੇ ਪੁਲਿਸ ਢਾਂਚਿਆਂ ਨੂੰ ਆਪਣੀ ਸਿਆਸੀ ਲੋੜ ਮੁਤਾਬਕ ਵਰਤੇਗੀ, ਤਾਂ ਨਸ਼ਾ ਮਾਫੀਆ ਕਿਵੇਂ ਖ਼ਤਮ ਹੋਵੇਗਾ? ਅੱਜ ਪੰਜਾਬ ਵਿੱਚ ਅੱਜ ਇੱਕ ਅਜਿਹਾ "ਪੁਲਿਸ ਰਾਜ"ਬਣਦਾ ਜਾ ਰਿਹਾ ਹੈ ਜਿੱਥੇ ਪ੍ਰਸ਼ਾਸਨਿਕ ਤਾਕਤ ਲੋਕ-ਸੇਵਾ ਲਈ ਨਹੀਂ, ਸਗੋਂ ਰਾਜਨੀਤਿਕ ਸੰਦੇਸ਼ ਦੇਣ ਲਈ ਵਰਤੀ ਜਾ ਰਹੀ ਹੈ। ਹਰ ਸਰਕਾਰ ਵਿਰੋਧੀਆਂ ਨੂੰ ਦਬਾਉਣ ਲਈ ਪੁਲਿਸ ਦੀ ਵਰਤੋਂ ਕਰਦੀ ਹੈ ਅਤੇ ਫਿਰ ਉਸਨੂੰ "ਕਾਨੂੰਨ ਦੀ ਕਾਰਵਾਈ"ਦਾ ਨਾਮ ਦਿੰਦੀ ਹੈ। ਇਸ ਨਾਲ ਲੋਕਤੰਤਰ ਦੀ ਰੂਹ ਕਮਜ਼ੋਰ ਹੁੰਦੀ ਹੈ।

ਅੱਜ ਇਸਦੇ ਨਾਲ ਹੀ ਭ੍ਰਿਸ਼ਟਾਚਾਰ ਪੰਜਾਬ ਦੇ ਪ੍ਰਸ਼ਾਸਨ ਵਿੱਚ ਇੱਕ ਸਥਾਈ ਸੰਸਕ੍ਰਿਤੀ ਬਣ ਗਿਆ ਹੈ। ਸਰਕਾਰਾਂ ਬਦਲਦੀਆਂ ਹਨ, ਨਾਰੇ ਬਦਲਦੇ ਹਨ, ਚਿਹਰੇ ਬਦਲਦੇ ਹਨ, ਪਰ ਭ੍ਰਿਸ਼ਟਾਚਾਰ ਦਾ ਢਾਂਚਾ ਨਹੀਂ ਬਦਲਦਾ। ਲੋਕ ਹੁਣ ਇਹ ਮੰਨਣ ਲੱਗੇ ਹਨ ਕਿ ਸਿਸਟਮ ਨੂੰ ਬਦਲਣਾ ਅਸੰਭਵ ਹੈ। ਇਹ ਹਾਲਤ ਕਿਸੇ ਵੀ ਲੋਕਤੰਤਰ ਲਈ ਘਾਤਕ ਹੈ।

ਪੰਜਾਬ ਦੀ ਆਰਥਿਕਤਾ ਵੀ ਡਿੱਗਦੀ ਜਾ ਰਹੀ ਹੈ। ਖੇਤੀ ਮਾਡਲ ਥੱਕ ਚੁੱਕਾ ਹੈ, ਉਦਯੋਗ ਭੱਜ ਰਿਹਾ ਹੈ, ਨਿਵੇਸ਼ ਨਹੀਂ ਆ ਰਿਹਾ, ਸਰਕਾਰੀ ਕਰਜ਼ੇ ਵਧ ਰਹੇ ਹਨ। ਪਰ ਰਾਜਨੀਤੀ ਦਾ ਕੇਂਦਰ ਆਰਥਿਕਤਾ ਨਹੀਂ, ਸਗੋਂ ਧਾਰਮਿਕ, ਭਾਵਨਾਤਮਕ ਅਤੇ ਪ੍ਰਚਾਰਕ ਮੁੱਦੇ ਬਣੇ ਹੋਏ ਹਨ। ਅੱਜ ਪੰਜਾਬ ਨੂੰ ਲੋੜ ਹੈ ਇੱਕ ਨਵੇਂ ਵਿਚਾਰ ਦੀ। ਇੱਕ ਅਜਿਹੀ ਰਾਜਨੀਤੀ ਦੀ ਜੋ ਨਾਅਰਿਆਂ ਤੋਂ ਉੱਪਰ ਉੱਠੇ। ਇੱਕ ਅਜਿਹੇ ਬੌਧਿਕ ਪੁਨਰਜਾਗਰਣ ਦੀ ਜੋ ਪੰਜਾਬ ਨੂੰ ਫਿਰ ਵਿਚਾਰ ਦੇਵੇ, ਦਿਸ਼ਾ ਦੇਵੇ ਅਤੇ ਭਵਿੱਖ ਦਾ ਨਕਸ਼ਾ ਤਿਆਰ ਕਰੇ।

ਅੱਜ ਸਾਨੂੰ ਇਹ ਸਮਝਣਾ ਹੋਵੇਗਾ ਕਿ ਕੋਈ ਵੀ ਸਮਾਜ ਸਿਰਫ਼ ਭਾਵਨਾਵਾਂ ਨਾਲ ਨਹੀਂ ਚੱਲਦਾ; ਉਹ ਸੰਸਥਾਵਾਂ, ਨੀਤੀਆਂ, ਸਿੱਖਿਆ, ਅਨੁਸ਼ਾਸਨ ਅਤੇ ਲੰਬੇ ਵਿਜ਼ਨ ਨਾਲ ਚੱਲਦਾ ਹੈ। ਪੰਜਾਬ ਦੀ ਸਭ ਤੋਂ ਵੱਡੀ ਕਮੀ ਇਹ ਹੈ ਕਿ ਇੱਥੇ ਹੁਣ "ਸਟੇਟਸਮੈਨ"ਨਹੀਂ ਰਹੇ—ਸਿਰਫ਼ "ਇਲੈਕਸ਼ਨ ਮੈਨੇਜਰ"ਰਹਿ ਗਏ ਹਨ। ਇੱਕ ਸਮਾਂ ਸੀ ਜਦੋਂ ਪੰਜਾਬ ਦੇ ਨੇਤਾ ਖੇਤੀ ਕ੍ਰਾਂਤੀ, ਉਦਯੋਗਿਕ ਵਿਕਾਸ, ਸਿੱਖਿਆ ਅਤੇ ਭਾਸ਼ਾ ਦੀ ਗੱਲ ਕਰਦੇ ਸਨ। ਅੱਜ ਦੀ ਰਾਜਨੀਤੀ ਟਵਿੱਟਰ ਦੀਆਂ ਲੜਾਈਆਂ ਅਤੇ ਮੰਚੀਲੇ ਭਾਸ਼ਣਾਂ ਵਿੱਚ ਫਸ ਚੁੱਕੀ ਹੈ।

ਅੱਜ ਜੇ ਪੰਜਾਬ ਨੂੰ ਬਚਾਉਣਾ ਹੈ ਤਾਂ ਸਭ ਤੋਂ ਪਹਿਲਾਂ ਪੰਜਾਬ ਨੂੰ ਰਾਜਨੀਤਿਕ ਤਮਾਸ਼ਿਆਂ ਤੋਂ ਬਚਾਉਣਾ ਪਵੇਗਾ। ਸੂਬੇ ਨੂੰ "ਇਵੈਂਟ ਪਾਲਿਟਿਕਸ"ਨਹੀਂ, "ਪਾਲਿਸੀ ਪਾਲਿਟਿਕਸ"ਦੀ ਲੋੜ ਹੈ।

ਅੱਜ ਪੰਜਾਬ ਨੂੰ ਚਾਹੀਦਾ ਹੈ—
ਇੱਕ ਨਵਾਂ ਆਰਥਿਕ ਮਾਡਲ,
ਨਵੀਂ ਉਦਯੋਗਿਕ ਨੀਤੀ,
ਨਸ਼ਾ ਮੁਕਤੀ ਲਈ ਜੰਗੀ ਪੱਧਰ ਦੀ ਯੋਜਨਾ,
ਸਿੱਖਿਆ ਅਤੇ ਸਿਹਤ ਦਾ ਪੁਨਰ-ਨਿਰਮਾਣ,
ਪਿੰਡਾਂ ਦੀ ਆਰਥਿਕਤਾ ਦਾ ਨਵੀਨੀਕਰਨ,
ਅਤੇ ਸਭ ਤੋਂ ਵੱਡੀ ਗੱਲ—ਇੱਕ ਇਮਾਨਦਾਰ ਅਤੇ ਬੌਧਿਕ ਰਾਜਨੀਤਿਕ ਚਰਚਾ। ਅੱਜ ਜੇਕਰ ਪੰਜਾਬ ਦੀ ਰਾਜਨੀਤੀ ਇਨ੍ਹਾਂ ਮੁੱਦਿਆਂ ਤੋਂ ਭੱਜਦੀ ਰਹੀ ਤਾਂ ਇਤਿਹਾਸ ਇਸ ਪੀੜ੍ਹੀ ਨੂੰ ਮਾਫ਼ ਨਹੀਂ ਕਰੇਗਾ। ਆਉਣ ਵਾਲੀਆਂ ਪੀੜ੍ਹੀਆਂ ਪੁੱਛਣਗੀਆਂ ਕਿ ਜਦੋਂ ਪੰਜਾਬ ਡਿੱਗ ਰਿਹਾ ਸੀ, ਤਦ ਉਸਦੇ ਨੇਤਾ ਕੀ ਕਰ ਰਹੇ ਸਨ?

ਅੱਜ ਸ਼ਾਇਦ ਜਵਾਬ ਇਹ ਹੋਵੇਗਾ—ਉਹ ਯਾਤਰਾਵਾਂ ਕੱਢ ਰਹੇ ਸਨ। ਉਹ ਨਾਰੇ ਲਾ ਰਹੇ ਸਨ। ਉਹ ਇਕ-ਦੂਜੇ ਉੱਤੇ ਦੋਸ਼ ਲਾ ਰਹੇ ਸਨ ਅਤੇ ਪੰਜਾਬ ਹੌਲੇ-ਹੌਲੇ ਆਪਣੇ ਭਵਿੱਖ ਤੋਂ ਖਾਲੀ ਹੁੰਦਾ ਜਾ ਰਿਹਾ ਸੀ। ਅੱਜ ਹੁਣ ਪੰਜਾਬ ਨੂੰ ਅੱਜ ਸ਼ਬਦਾਂ ਦੀ ਨਹੀਂ, ਸੰਕਲਪ ਦੀ ਲੋੜ ਹੈ।

ਅੱਜ ਜੇ ਇਹ ਬਦਲਾਅ ਨਾ ਆਇਆ ਤਾਂ ਪੰਜਾਬ ਦਾ ਸਭ ਤੋਂ ਵੱਡਾ ਸੰਕਟ ਆਰਥਿਕ ਨਹੀਂ ਹੋਵੇਗਾ—ਉਹ ਬੌਧਿਕ ਅਤੇ ਆਤਮਿਕ ਸੰਕਟ ਹੋਵੇਗਾ, ਜਿੱਥੇ ਇੱਕ ਸਮਾਜ ਆਪਣੀ ਆਸ ਹੀ ਗੁਆ ਬੈਠਦਾ ਹੈ। ਅੱਜ ਦਾ ਸਭ ਤੋਂ ਵੱਡਾ ਸਵਾਲ ਇਹੀ ਹੈ ਕੀ ਪੰਜਾਬ ਦੀ ਰਾਜਨੀਤੀ ਅਜੇ ਵੀ ਜਾਗ ਸਕਦੀ ਹੈ?

# ਸੇਵਾ ਦੇ ਪੁੰਜ ਭਾਈ ਘਨੱਈਆ

ਕਰਨੈਲ ਸਿੰਘ ਐਮ.ਏ.



ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਅਨਿੰਨ ਸੇਵਕ ਅਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰੋਂ-ਘਰੋਂ ਵਰੋਸਾਏ ਭਾਈ ਘਨੱਈਆ ਜੀ 1702-04 ਈ: ਦੌਰਾਨ ਖ਼ਾਲਸੇ ਦੀ ਜਨਮ-ਭੂਮੀ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਜਬਰ, ਜ਼ੁਲਮ ਦੇ ਖ਼ਾਤਮੇ ਅਤੇ ਗ਼ਰੀਬਾਂ, ਮਜ਼ਲੂਮਾਂ ਦੀ ਰੱਖਿਆ ਲਈ ਹੋ ਰਹੇ ਧਰਮ ਯੁੱਧ ਵਿੱਚ ਚਮੜੇ ਦੀ ਮਸ਼ਕ ਪਾਣੀ ਦੀ ਭਰ ਕੇ ਲੜਾਈ ਵਿੱਚ ਚੱਲਦੀਆਂ ਤੋਪਾਂ ਵਿੱਚ, ਗੋਲੀਆਂ ਦੇ ਵਰ੍ਹਦੇ ਮੀਂਹ ਵਿੱਚ, ਤੀਰਾਂ ਦੀ ਬੁਛਾੜ ਵਿੱਚ, ਜਿੱਥੇ ਕੋਈ ਪਾਣੀ ਮੰਗਦਾ, ਪਹੁੰਚ ਕੇ ਪਾਣੀ ਪਿਆਉਂਦੇ ਹਨ। ਉਹ ਜ਼ਖ਼ਮੀ ਹੋਏ ਦੁਸ਼ਮਣਾਂ ਦੇ ਸੈਨਿਕਾਂ ਨੂੰ ਵੀ ਪਾਣੀ ਪਿਆ ਕੇ ਮੁੜ ਜੀਵਿਤ ਕਰ ਰਹੇ ਹਨ। ਕੀ ਇਹ (ਘਨੱਈਆ ਜੀ) ਦੁਸ਼ਮਣ ਦੇ ਸੈਨਿਕਾਂ ਨਾਲ ਰਲੇ ਹੋਏ ਹਨ। ਇਹ ਕਹਿ ਕੇ ਕੁਝ ਸਿੰਘਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲ ਸ਼ਿਕਾਇਤ ਕੀਤੀ ਕਿ ਅਸੀਂ ਤਾਂ ਮੈਦਾਨੇ ਜੰਗ ਵਿੱਚ ਦੁਸ਼ਮਣ ਨੂੰ ਮੁਸ਼ਕਲ ਨਾਲ ਡੇਗਦੇ ਹਾਂ ਪਰ ਇਕ ਮਾਸਕੀ ਸਿੱਖ ਉਹਨਾਂ ਨੂੰ ਪਾਣੀ ਪਿਆ ਕੇ ਜਿਊਂਦਾ ਕਰ ਦਿੰਦਾ ਹੈ, ਭਾਵ ਨਵਾਂ-ਨਰੋਆ ਕਰ ਦਿੰਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਘਨੱਈਆ ਜੀ ਨੂੰ ਸੱਦ ਲਿਆ। ਉਹ ਹੱਥ ਜੋੜ ਕੇ ਗੁਰੂ ਜੀ ਦੇ ਸਾਹਮਣੇ ਖੜ੍ਹੇ ਸੀ। ਸਿੰਘ ਵੀ ਆਲੇ-ਦੁਆਲੇ ਹੋ ਗਏ। ਸਭ ਲੋਕ ਸੋਚ ਰਹੇ ਸਨ ਕਿ ਦੇਖੀਏ ਹੁਣ ਮਾਸ਼ਕੀ ਨੂੰ ਕੀ ਸਜ਼ਾ ਮਿਲਦੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੜੀ ਉਤਸੁਕਤਾ ਨਾਲ ਪੁੱਛਿਆ, "ਭਾਈ ਘਨੱਈਆ ਜੀ ! ਸਾਰੇ ਸਿੰਘ ਸ਼ਿਕਾਇਤ ਕਰਦੇ ਹਨ ਕਿ ਤੁਸੀਂ ਵੈਰੀਆਂ ਨੂੰ ਪਾਣੀ ਪਿਆ ਕੇ ਮੁੜ ਜੀਵਿਤ ਕਰ ਦਿੰਦੇ ਹੋ।" ਭਾਈ ਘਨੱਈਆ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ 'ਤੇ ਡਿੱਗ ਪਏ ਤੇ ਆਖਿਆ, "ਸੱਚੇ ਪਾਤਸ਼ਾਹ ! ਮੈਂ ਕਿਸੇ ਵੈਰੀ ਨੂੰ ਪਾਣੀ ਨਹੀਂ ਪਿਆਇਆ।" ਗੁਰੂ ਜੀ ਨੇ ਕਿਹਾ, "ਹੋਰ ਕਿਸ ਨੂੰ ਪਾਣੀ ਪਿਆਉਂਦੇ ਸੀ।" ਕੀ ਤੁਸੀਂ ਤੁਰਕ, ਪਹਾੜੀਏ, ਸਿੱਖ ਨੂੰ ਪਾਣੀ ਨਹੀਂ ਪਿਆਇਆ। ਭਾਈ ਘਨੱਈਆ ਜੀ ਦਾ ਜਵਾਬ ਨਾਂਹ ਵਿੱਚ ਸੀ। ਜਵਾਬ ਸੁਣ-ਸੁਣ ਕੇ ਸੰਗਤਾਂ ਹੈਰਾਨ ਹੋ ਰਹੀਆਂ ਸਨ। ਗੁਰੂ ਜੀ ਕਹਿਣ ਲੱਗੇ, "ਜੇ ਤੁਸੀਂ ਤੁਰਕ, ਪਹਾੜੀਏ, ਸਿੱਖ ਨੂੰ ਪਾਣੀ ਨਹੀਂ ਪਿਆਇਆ ਤਾਂ ਫਿਰ ਕਿਸ ਨੂੰ ਪਾਣੀ ਪਿਆਉਂਦੇ ਸੀ।" ਭਾਈ ਘਨੱਈਆ ਜੀ ਕਹਿਣ ਲੱਗੇ, "ਮੈਨੂੰ ਤਾਂ ਹਰ ਇੱਕ ਵਿੱਚ ਆਪ ਦਾ ਹੀ ਰੂਪ ਨਜ਼ਰ ਆਉਂਦਾ ਹੈ। ਮੈਥੋਂ ਤਾਂ ਤੁਸੀਂ ਆਪ ਪਾਣੀ ਮੰਗਦੇ ਹੋ। ਮੈਨੂੰ ਤੁਹਾਡੇ ਬਗ਼ੈਰ ਕੋਈ ਨਜ਼ਰ ਨਹੀਂ ਆਉਂਦਾ ਹੈ। ਮੈਂ ਤਾਂ ਆਪ ਜੀ ਨੂੰ ਹੀ ਪਾਣੀ ਪਿਆਉਂਦਾ ਹਾਂ।

ਤੈਨੂੰ ਪਿਆ ਪਿਲਾਵਾਂ ਪਾਣੀ ਸਿਰ ਮੇਰੇ ਦੇ ਸਾਈਂ।
ਤੁਰਕ ਅਤੁਰਕ ਨ ਦਿਸਦਾ ਮੈਨੂੰ ਤੂੰ ਸਾਰੇ ਦਿਸ ਆਈਂ।

ਭਾਈ ਘਨੱਈਆ ਜੀ ਦੇ ਬਚਨ ਸੁਣ ਕੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਬੜੇ ਪ੍ਰਸੰਨ ਹੋਏ। ਗੁਰੂ ਸਾਹਿਬ ਆਪਣੇ ਆਸਣ ਤੋਂ ਉੱਠੇ ਤੇ ਭਾਈ ਘਨੱਈਆ ਜੀ ਨੂੰ ਗਲ (ਛਾਤੀ) ਨਾਲ ਲਾ ਲਿਆ, ਭਾਈ ਜੀ ਦਾ ਮੱਥਾ ਚੁੰਮਿਆ ਤੇ ਪ੍ਰਸੰਨ ਹੋ ਕੇ ਬੋਲੇ, ਤੇਰੀ ਕਮਾਈ ਧੰਨ ਹੈ, ਤੁਸੀਂ ਸਿੱਖੀ ਨੂੰ ਸਮਝਿਆ ਹੈ। ਭਾਈ ਘਨੱਈਆ ਜੀ ਨੂੰ ਮਲ੍ਹਮ-ਪੱਟੀ ਦਾ ਡੱਬਾ ਫੜਾ ਕੇ ਕਿਹਾ ਕਿ ਜਿੱਥੇ ਤੁਸੀਂ ਪਿਆਸਿਆਂ ਨੂੰ ਜਲ ਛਕਾ ਕੇ ਉਹਨਾਂ ਦੀ ਪਿਆਸ ਦੂਰ ਕਰਦੇ ਹੋ, ਹੁਣ ਉਹਨਾਂ ਦੇ ਜ਼ਖ਼ਮਾਂ 'ਤੇ ਮਲ੍ਹਮ-ਪੱਟੀ ਕਰਕੇ ਉਹਨਾਂ ਦਾ ਦਰਦ ਵੀ ਦੂਰ ਕਰਿਆ ਕਰੋ।

ਹੱਸੇ ਤੇ ਗਲ ਲਾਇਆ ਪਿਆਰਾ ਡਬੀ ਹੱਥ ਫੜਾਈ।
ਪਾਣੀ ਨਾਲ ਮਲ੍ਹਮ ਵੀ ਰਖੀਂ ਲੋੜ ਪਈ ਤੇ ਲਾਈਂ।
(ਸੰਤ ਰਤਨ ਮਾਲ੍ਹਾ)

ਗੁਰੂ ਗੋਬਿੰਦ ਸਿੰਘ ਜੀ, ਭਾਈ ਘਨੱਈਆ ਜੀ ਦੀ ਘਾਲ-ਕਮਾਈ ਤੇ ਪ੍ਰਸੰਨ ਹੋ ਕੇ ਆਪਣਾ ਦਸਤੀ ਰੁਮਾਲ ਵੀ ਬਖ਼ਸ਼ਿਸ਼ ਕਰਕੇ ਕਿਹਾ ਕਿ ਇਸ ਨਾਲ ਜ਼ਖ਼ਮੀਆਂ ਦਾ ਮੂੰਹ ਵੀ ਸਾਫ਼ ਕਰ ਦਿਆ ਕਰਨਾ। ਭਾਈ ਘਨੱਈਆ ਜੀ ਨੂੰ ਸਾਰੇ ਸਾਧੂ ਜਾਣਨ ਲੱਗ ਪਏ। ਉਹ ਜਿੱਥੋਂ ਲੰਘਦੇ, ਲੋਕ ਨਮਸਕਾਰ ਕਰਦੇ। ਸ਼੍ਰੀ ਸੰਤ ਰਤਨ ਮਾਲ੍ਹਾ ਵਿੱਚ ਇਸ ਤਰ੍ਹਾਂ ਲਿਖਿਆ ਹੈ। "ਭਾਈ ਘਨੱਈਆ ਜੀ ਸਿੰਘਾਂ ਤੇ ਤੁਰਕਾਂ ਵਿਚ ਵੀ ਵਿਚਰਦੇ। ਕੋਈ ਇਸ ਕੋ ਅਟਕਾਵੈ ਨਾਹੀ। ਨਿਸੰਗ ਹੀ ਫਿਰੇ। ਇਕ ਸਮਾਨ ਸਭੀ ਕੋ ਜਾਨ ਕੇ ਸੇਵਾ ਬੜੇ ਪ੍ਰੇਮ ਸੇ ਕਰਹਿ। ਅਰ ਸਾਧੂ ਜਾਣ ਕੇ ਸਭੀ ਨਮਸਕਾਰ ਕਰੈ, ਕੋਈ ਇਸ ਕੋ ਦੁਖਾਵੈ ਨਾਹੀ।"

ਭਾਈ ਘਨੱਈਆ ਜੀ ਤੋਂ ਉਤਸ਼ਾਹਤ ਹੋ ਕੇ ਕਈ ਹੋਰ ਸਿੱਖ ਵੀ ਮੈਦਾਨੇ ਜੰਗ ਵਿੱਚ ਜਲ ਦੀ ਸੇਵਾ ਤੇ ਮਲ੍ਹਮ-ਪੱਟੀ ਕਰਦੇ। ਭਾਈ ਘਨੱਈਆ ਜੀ ਵੱਲੋਂ ਜੰਗੇ ਮੈਦਾਨ ਵਿੱਚ ਕੀਤੀ ਸੇਵਾ ਦਾ ਸੰਕਲਪ ਹੀ ਰੈੱਡਕਰਾਸ ਦੀ ਰੂਹ ਬਣਿਆ। ਭਾਈ ਘਨੱਈਆ ਜੀ ਤੋਂ ਪ੍ਰਚੱਲਤ 'ਸੇਵਾਪੰਥੀ' ਸੰਪਰਦਾਇ ਹੋਂਦ ਵਿੱਚ ਆਈ, ਜਿਸ ਦੇ ਪੰਜਾਬ, ਹਰਿਆਣਾ, ਹਿਮਾਚਲ, ਦਿੱਲੀ ਵਿੱਚ 42 ਗੁਰਦੁਆਰੇ/ਡੇਰੇ/ਟਿਕਾਣੇ ਹਨ। ਭਾਈ ਘਨੱਈਆ ਜੀ ਦੀ ਜਨਮ ਤਾਰੀਖ ਦਾ ਪਤਾ ਨਾ ਹੋਣ ਕਰਕੇ ਰੈੱਡਕਰਾਸ ਦੇ ਸੰਕਲਪ ਨੂੰ ਜਨੇਵਾ ਸ਼ਹਿਰ ਦੇ ਹੈਨਰੀ ਡਿਊਨਾਂ ਦੇ ਜਨਮ-ਦਿਨ 8 ਮਈ ਨਾਲ ਜੋੜਿਆ ਗਿਆ ਹੈ।

ਹੈਨਰੀ ਡਿਊਨਾਂ:- ਹੈਨਰੀ ਡਿਊਨਾਂ ਦਾ ਜਨਮ 8 ਮਈ 1828 ਈ: ਨੂੰ ਸਵਿਟਜ਼ਰਲੈਂਡ ਦੇਸ਼ ਦੀ ਰਾਜਧਾਨੀ ਜਨੇਵਾ ਵਿੱਚ ਇੱਕ ਉੱਚ ਘਰਾਣੇ ਵਿੱਚ ਹੋਇਆ। ਬਚਪਨ ਵਿੱਚ ਜਿੰਨੀ ਵਿੱਦਿਆ ਪ੍ਰਾਪਤ ਹੋ ਸਕਦੀ ਸੀ, ਪ੍ਰਾਪਤ ਕੀਤੀ। ਡਿਊਨਾਂ ਦਾ ਪਿਤਾ ਜ਼ੀਨ ਜੈਕ ਡਿਊਨਾਂ ਇੱਕ ਸਫਲ ਵਪਾਰੀ ਸੀ। 1853 ਤੋਂ 1858 ਤੱਕ ਉਸ ਨੇ ਇੱਕ ਕੰਪਨੀ ਵਿੱਚ ਨੌਕਰੀ ਕੀਤੀ, ਉਪਰੰਤ ਨੌਕਰੀ ਛੱਡ ਕੇ 31 ਸਾਲ ਦੀ ਉਮਰ ਵਿੱਚ ਆਟਾ ਪੀਸਣ ਦੇ ਕਾਰਖਾਨੇ ਲਾਉਣ ਲਈ ਆਪਣੇ ਮਿੱਤਰਾਂ ਕੋਲੋਂ ਭਾਰੀ ਰਕਮਾਂ ਲੈ ਕੇ ਇੱਕ ਸੁਸਾਇਟੀ ਬਣਾਈ। ਆਟਾ ਪੀਸਣ ਦੇ ਕਾਰਖਾਨੇ ਉਸ ਨੇ ਫਰਾਂਸ ਦੇਸ਼ ਦੇ ਅਧੀਨ ਇਲਾਕੇ ਅਲਜੀਰੀਆ ਵਿੱਚ ਲਾਉਣੇ ਸਨ ਕਿਉਂਕਿ ਉਸ ਇਲਾਕੇ ਵਿੱਚ ਪਾਣੀ ਦੀਆਂ ਆਬਸ਼ਾਰਾਂ ਡਿੱਗਦੀਆਂ ਸਨ। ਉਹਨਾਂ ਆਬਸ਼ਾਰਾਂ ਵਿੱਚੋਂ ਡਿੱਗਣ ਵਾਲੇ ਪਾਣੀ ਦੀ ਸ਼ਕਤੀ ਨਾਲ ਕਾਰਖਾਨੇ ਚੱਲਣੇ ਸਨ। ਇਸ ਕੰਮ ਲਈ ਡਿਊਨਾਂ ਨੂੰ ਫਰਾਂਸ ਦੇ ਬਾਦਸ਼ਾਹ ਕੋਲੋਂ ਆਗਿਆ ਲੈਣ ਦੀ ਲੋੜ ਸੀ। 24 ਜੂਨ 1859 ਈ: ਨੂੰ ਇਟਲੀ ਤੇ ਆਸਟਰੀਆ ਦੋ ਦੇਸ਼ਾਂ ਵਿੱਚ ਸਲਫ਼ਰੀਨੋ ਨਾਂ ਵਾਲੀ ਥਾਂ 'ਤੇ ਜੰਗ ਹੋ ਰਹੀ ਸੀ। ਜਿਸ ਵਿੱਚ ਇੱਕ ਪਾਸੇ ਇਟਲੀ ਤੇ ਫਰਾਂਸ ਅਤੇ ਦੂਜੇ ਪਾਸੇ ਆਸਟਰੀਆ ਤੇ ਪਰਸ਼ੀਆ ਦੀਆਂ ਫ਼ੌਜਾਂ ਸਨ। ਹੈਨਰੀ ਡਿਊਨਾਂ 23 ਜੂਨ ਦੀ ਰਾਤ ਨੂੰ ਯੁੱਧ ਦੇ ਮੈਦਾਨ ਦੇ ਨੇੜੇ ਠਹਿਰਿਆ ਹੋਇਆ ਸੀ। ਪਰ ਉਸ ਨੂੰ ਬਾਦਸ਼ਾਹ ਨਾਲ ਮੁਲਾਕਾਤ ਕਰਨ ਲਈ 15 ਘੰਟੇ ਉਡੀਕ ਕਰਨੀ ਪਈ। ਜੰਗ ਦੇ ਮੈਦਾਨ ਵਿੱਚ ਦੋਵਾਂ ਪਾਸਿਆਂ ਤੋਂ ਹਜ਼ਾਰਾਂ ਸਿਪਾਹੀ ਜ਼ਖ਼ਮੀ ਹੋ ਗਏ ਸਨ, ਜੋ ਚੱਲ ਫਿਰ ਨਹੀਂ ਸਨ ਸਕਦੇ। ਮੈਦਾਨ ਵਿੱਚ ਹੀ ਪਏ ਤੜਫ ਰਹੇ ਸਨ। ਉਹਨਾਂ ਨੂੰ ਦੇਖ ਕੇ ਹੈਨਰੀ ਡਿਊਨਾਂ ਦਾ ਦਿਲ ਤੜਪ ਉੱਠਿਆ। ਉਸ ਨੇ ਨਾਲ ਦੇ ਪਿੰਡ ਦੇ ਲੋਕਾਂ ਦੀ ਸਹਾਇਤਾ ਨਾਲ ਫੱਟੜ ਸੈਨਿਕਾਂ ਨੂੰ ਨੇੜੇ ਦੇ ਹਸਪਤਾਲਾਂ, ਸਕੂਲਾਂ ਅਤੇ ਗਿਰਜਾ ਘਰਾਂ ਵਿੱਚ ਰੱਖ ਕੇ ਉਹਨਾਂ ਦੀ ਕਾਫ਼ੀ ਸਮਾਂ ਸੇਵਾ-ਸੰਭਾਲ ਕੀਤੀ। ਹੈਨਰੀ ਡਿਊਨਾਂ ਨੇ ਆਪਣੇ ਸਹਿਯੋਗੀਆਂ ਤੋਂ ਇਹ ਪ੍ਰਣ ਲਿਆ ਸੀ ਕਿ ਉਹ ਫੱਟੜਾਂ ਦੀ ਸੇਵਾ-ਸੰਭਾਲ ਕਰਦੇ ਸਮੇਂ ਕੌਮਾਂ ਦਾ ਭਿੰਨ-ਭੇਦ ਨਹੀਂ ਕਰਨਗੇ।

ਹੈਨਰੀ ਡਿਊਨਾਂ ਨੇ ਜ਼ਖ਼ਮੀਆਂ ਦੀ ਸੇਵਾ-ਸੰਭਾਲ ਕਰਦਿਆਂ ਇਹ ਸੋਚਿਆ ਕਿ ਸਾਰੀ ਦੁਨੀਆ ਵਿੱਚ ਇੱਕ ਅਜਿਹੀ ਸਮਾਜਿਕ ਜਥੇਬੰਦੀ ਬਣੇ, ਜਿਸ ਦੀਆਂ ਦੁਨੀਆਂ ਦੇ ਹਰ ਸ਼ਹਿਰ ਵਿੱਚ ਥਾਂ-ਥਾਂ ਸ਼ਾਖਾਵਾਂ ਹੋਣ ਤੇ ਉਸ ਜਥੇਬੰਦੀ ਦੇ ਮੈਂਬਰ ਇਸ ਕਾਰਜ ਨੂੰ ਮਨੁੱਖੀ ਹਮਦਰਦੀ ਦੇ ਨਾਂ 'ਤੇ ਕਰਨ। 31 ਸਾਲ ਦੀ ਉਮਰ ਵਿੱਚ ਡਿਊਨਾਂ ਨੇ ਜ਼ਖ਼ਮੀ ਸਿਪਾਹੀਆਂ ਦੀ ਹਾਲਤ ਦੇ ਸੁਧਾਰ ਲਈ ਆਪਣਾ ਜੀਵਨ ਅਰਪਣ ਕਰ ਦਿੱਤਾ। ਉਸ ਦੇ ਪਿੱਛੋਂ ਉਹ ਆਪਣੇ ਘਰ ਵੱਲ ਨਹੀਂ ਮੁੜਿਆ। ਉਹ ਸਰਬ-ਸਾਂਝੀ ਰੈੱਡਕਰਾਸ ਦੀ ਸਥਾਪਨਾ ਦੇ ਕੰਮ ਵਿੱਚ ਜੁੱਟ ਗਿਆ। ਉਸ ਨੇ ਇੱਕ ਪੁਸਤਕ 'ਸਲਫਰੀਨੋ ਦੀ ਯਾਦ' ਵੀ ਲਿਖੀ। ਹੈਨਰੀ ਡਿਊਨਾਂ ਦੀ ਪੁਸਤਕ ਨੂੰ ਪੜ੍ਹ ਕੇ ਸਵਿਟਜ਼ਰਲੈਂਡ ਦੇ ਲੋਕ ਉਸ ਨਾਲ ਆ ਜੁੜੇ। 1863 ਵਿੱਚ ਰੈੱਡਕਰਾਸ ਲਹਿਰ ਦਾ ਜਨਮ ਹੋਇਆ। 1867 ਵਿੱਚ ਡਿਊਨਾਂ ਨੇ ਰੈੱਡਕਰਾਸ ਦੀ ਕੌਮਾਂਤਰੀ ਕਮੇਟੀ ਦੇ ਸਕੱਤਰ ਵਜੋਂ ਅਸਤੀਫਾ ਦੇ ਦਿੱਤਾ, ਜੋ ਪ੍ਰਵਾਨ ਕਰ ਲਿਆ ਗਿਆ। 1901 ਵਿੱਚ ਹੈਨਰੀ ਡਿਊਨਾਂ ਨੂੰ ਨਾਰਵੇ ਦੀ ਸਰਕਾਰ ਦੁਆਰਾ ਪਹਿਲਾ 'ਨੋਬਲ ਪੁਰਸਕਾਰ' ਦਿੱਤਾ ਗਿਆ। ਪਰ ਉਸ ਨੇ ਇਨਾਮ ਦੀ ਸਾਰੀ ਰਾਸ਼ੀ ਤੇ ਸੁਗਾਤਾਂ ਦੀ ਰਕਮ ਦੁਖੀਆਂ ਤੇ ਜ਼ਖ਼ਮੀਆਂ ਦੀ ਸੇਵਾ ਲਈ ਖ਼ਰਚਣ ਦੀ ਵਸੀਅਤ ਕਰਾ ਦਿੱਤੀ।

49 ਸਾਲ ਉਹ ਦੁਨੀਆਂ ਦੇ ਸਾਰੇ ਦੇਸ਼ਾਂ ਵਿੱਚ ਆਪਣੇ ਖ਼ਿਆਲ ਦੇ ਪ੍ਰਚਾਰ ਲਈ ਫਿਰਦਾ ਰਿਹਾ। 80 ਸਾਲ ਦੀ ਉਮਰ ਵਿੱਚ ਸੰਨ 1908 ਈ: ਨੂੰ ਜਦ ਹੈਨਰੀ ਡਿਊਨਾਂ ਆਪਣੇ ਜਨਮ ਦੇ ਸ਼ਹਿਰ ਜਨੇਵਾ ਪਹੁੰਚਿਆ ਤਾਂ ਉਸ ਨੇ ਪੁਰਾਣੇ ਘਸੇ ਹੋਏ ਮਾਮੂਲੀ ਕੱਪੜੇ ਪਹਿਨੇ ਹੋਏ ਸਨ। ਉਸ ਦੇ ਚਿਹਰੇ 'ਤੇ ਭਰਵੀਂ ਲੰਮੀ ਦਾਹੜੀ ਆਈ ਹੋਈ ਸੀ। 30 ਅਕਤੂਬਰ 1910 ਈ: ਨੂੰ 82 ਸਾਲ ਦੀ ਉਮਰ ਵਿੱਚ ਹੈਨਰੀ ਡਿਊਨਾਂ ਦਾ ਹੇਡਨ ਹਸਪਤਾਲ ਵਿੱਚ ਦਿਹਾਂਤ ਹੋ ਗਿਆ।

ਅੱਜ-ਕੱਲ੍ਹ ਜੰਗ ਯੁੱਧ ਦੇ ਸਮੇਂ ਹੁਣ ਰਣ-ਖੇਤਰ ਵਿੱਚ ਵੱਖ-ਵੱਖ ਸੁਸਾਇਟੀਆਂ ਜ਼ਖ਼ਮੀ ਲੋਕਾਂ ਦੀ ਮਲ੍ਹਮ-ਪੱਟੀ ਕਰਦੀਆਂ ਹਨ ਤੇ ਹੋਰ ਡਾਕਟਰੀ ਸਹਾਇਤਾ ਦਿੰਦੀਆਂ ਹਨ। ਜਿਨ੍ਹਾਂ ਨੂੰ ਰੈੱਡਕਰਾਸ ਦਾ ਨਾਂਅ ਦਿੱਤਾ ਜਾਂਦਾ ਹੈ ਕਿਉਂਕਿ ਲਾਲ ਰੰਗ ਵਿੱਚ ਜਮ੍ਹਾਂ (+) ਦੇ ਨਿਸ਼ਾਨ ਨੂੰ ਆਪਣਾ ਕੇ ਦੇਸ਼ ਨੇ ਇਸ ਨੂੰ ਅੰਤਰਰਾਸ਼ਟਰੀ ਪੱਧਰ ਦੀ ਮਾਨਤਾ ਦਿੱਤੀ ਹੋਈ ਹੈ। ਕੁਝ ਲੇਖਕਾਂ, ਵਿਦਵਾਨਾਂ ਦਾ ਕਹਿਣਾ ਹੈ ਕਿ ਰੈੱਡਕਰਾਸ ਦਾ ਬਾਨੀ ਹੈਨਰੀ ਡਿਊਨਾਂ ਹੈ ਜਦ ਕਿ ਸੇਵਾ ਦੇ ਪੁੰਜ ਭਾਈ ਘਨੱਈਆ ਜੀ ਨੇ 155 ਸਾਲ ਪਹਿਲਾਂ (1704) ਵਿੱਚ ਹੀ ਰੈੱਡਕਰਾਸ ਦਾ ਨੀਂਹ-ਪੱਥਰ ਰੱਖ ਦਿੱਤਾ ਸੀ। ਰੈੱਡਕਰਾਸ ਦਾ ਅਸਲੀ ਬਾਨੀ ਭਾਈ ਘਨੱਈਆ ਜੀ ਹੀ ਹਨ। ਉਹਨਾਂ ਨੇ 18ਵੀਂ ਸਦੀ ਦੇ ਸ਼ੁਰੂ ਵਿੱਚ ਇਹ ਸੇਵਾ ਕਰ ਵਿਖਾਈ ਜਿਸ ਦੀ ਲੋੜ ਸੰਸਾਰ ਦੇ ਕਈ ਦੇਸ਼ਾਂ ਨੇ ਮਿਲ ਕੇ 19ਵੀਂ ਸਦੀ ਦੇ ਅੱਧ ਵਿੱਚ ਮਹਿਸੂਸ ਕੀਤੀ।

ਪ੍ਰੋ: ਪ੍ਰਕਾਸ਼ ਸਿੰਘ ਅਨੁਸਾਰ ਸੰਸਾਰ ਦੇ ਇਤਿਹਾਸ ਵਿੱਚ ਸ਼ਾਇਦ ਕੁਝ ਅਜਿਹੇ ਵਿਅਕਤੀ ਲੱਭ ਪੈਣ ਜਿਨ੍ਹਾਂ ਨੇ ਜੰਗ ਦੇ ਸਮੇਂ ਫੱਟੜਾਂ, ਰੋਗੀਆਂ ਤੇ ਲੋੜਵੰਦਾਂ ਦੀ ਤਨੋਂ ਮਨੋਂ ਸੇਵਾ ਕੀਤੀ ਹੋਵੇ ਜਿਵੇਂ ਕਿ ਫਲੋਰੈਂਸ ਨਾਈਟਿੰਗੇਲ (1820-1910) ਜੋ ਕ੍ਰਿਸ਼ਚੀਅਨ ਹਸਪਤਾਲ ਦੀ ਨਰਸ ਸੀ ਪਰ ਭਾਈ ਘਨੱਈਆ ਜੀ ਵਰਗੀ ਸਮਦ੍ਰਿਸ਼ਟੀ ਨਾਲ ਨਿਰਪੱਖ, ਨਿਸ਼ਕਪਟ ਤੇ ਨਿਰਛਲ ਸੇਵਾ ਕਿਸੇ ਨੇ ਨਹੀਂ ਕੀਤੀ। ਭਾਈ ਘਨੱਈਆ ਜੀ ਨੇ ਇਹ ਬੇਮਿਸਾਲ ਸੇਵਾ ਉਦੋਂ ਕਰ ਵਿਖਾਈ ਜਦੋਂ ਸੰਸਾਰ ਵਿੱਚ ਇਸ ਪੱਖੋਂ ਅਜੇ ਜਾਗ੍ਰਿਤੀ ਨਹੀਂ ਸੀ ਆਈ। ਅੱਜ ਜੰਗੀ ਸ਼ਹੀਦਾਂ, ਕੈਦੀਆਂ, ਜ਼ਖ਼ਮੀਆਂ, ਕੁਦਰਤੀ ਤੇ ਗੈਰ ਕੁਦਰਤੀ ਆਫ਼ਤਾਂ ਦੀ ਮਾਰ ਹੇਠ ਆਏ ਲੋਕਾਂ ਦੀ ਸੇਵਾ ਸੰਭਾਲ ਰੈੱਡਕਰਾਸ ਹੀ ਕਰਦੀ ਹੈ।

ਸੋ ਅੱਜ ਲੋੜ ਹੈ ਭਾਈ ਘਨੱਈਆ ਜੀ ਤੇ ਹੈਨਰੀ ਡਿਊਨਾਂ ਦੇ ਪਦ-ਚਿੰਨ੍ਹਾਂ 'ਤੇ ਚੱਲਦੇ ਹੋਏ ਭਾਈ ਘਨੱਈਆ ਸੇਵਾ ਸੁਸਾਇਟੀਆਂ, ਭਾਈ ਘਨੱਈਆ ਸੇਵਾ ਮਿਸ਼ਨ, ਰੈੱਡਕਰਾਸ ਸੰਸਥਾਵਾਂ ਤੇ ਹੋਰ ਸਮਾਜ-ਸੇਵੀ ਸੰਸਥਾਵਾਂ ਨੂੰ ਬਿਨਾਂ ਕਿਸੇ ਭੇਦ-ਭਾਵ ਦੇ ਮਰੀਜ਼ਾਂ ਤੇ ਲੋੜਵੰਦਾਂ ਦੀ ਸੇਵਾ ਕਰਨ ਦੀ।

# ਸੋਮਨਾਥ ਅਤੇ ਭਾਰਤ ਦੀ ਅਜੇਤੂ ਹਿੰਮਤ !



ਸ਼੍ਰੀ ਨਰੇਂਦਰ ਮੋਦੀ
ਭਾਰਤ ਦੇ ਪ੍ਰਧਾਨ ਮੰਤਰੀ

ਸਾਲ 2026 ਦੀ ਸ਼ੁਰੂਆਤ ਵਿੱਚ, ਮੈਂ ਸੋਮਨਾਥ ਸਵਾਭੀਮਾਨ ਪਰਵ ਲਈ ਸੋਮਨਾਥ ਗਿਆ ਸੀ, ਜੋ ਸੋਮਨਾਥ ਮੰਦਰ 'ਤੇ ਪਹਿਲੇ ਹਮਲੇ ਦੇ ਇੱਕ ਹਜ਼ਾਰ ਸਾਲ ਪੂਰੇ ਹੋਣ ਦੇ ਮੌਕੇ 'ਤੇ ਮਨਾਇਆ ਗਿਆ। ਹੁਣ ਮੈਂ 11 ਮਈ ਨੂੰ ਮੁੜ ਸੋਮਨਾਥ ਜਾਵਾਂਗਾ, ਜਿੱਥੇ ਭਾਰਤ ਦੇ ਤਤਕਾਲੀ ਰਾਸ਼ਟਰਪਤੀ ਡਾ. ਰਾਜੇਂਦਰ ਪ੍ਰਸਾਦ ਵੱਲੋਂ ਮੁੜ ਉਸਾਰੇ ਮੰਦਰ ਦੇ ਉਦਘਾਟਨ ਦੇ 75 ਸਾਲ ਪੂਰੇ ਹੋਣ ਦਾ ਸਮਾਗਮ ਮਨਾਇਆ ਜਾਵੇਗਾ। ਅੱਧੇ ਸਾਲ ਤੋਂ ਵੀ ਘੱਟ ਸਮੇਂ ਵਿੱਚ, ਸੋਮਨਾਥ ਅਤੇ ਇਸ ਦੀ ਤਬਾਹੀ ਤੋਂ ਮੁੜ ਉਸਾਰੀ ਤੱਕ ਦੀ ਯਾਤਰਾ ਨਾਲ ਜੁੜੇ ਦੋ ਮਹੱਤਵਪੂਰਨ ਮੌਕਿਆਂ ਦਾ ਹਿੱਸਾ ਬਣਨਾ ਮੇਰੇ ਲਈ ਸਨਮਾਨ ਦੀ ਗੱਲ ਹੈ। ਇਸ ਯਾਤਰਾ ਦਾ ਅਸੀਂ "ਤਬਾਹੀ ਤੋਂ ਸਿਰਜਣਾ"ਦੇ ਰੂਪ ਵਿੱਚ ਵੀ ਜ਼ਿਕਰ ਕਰਦੇ ਹਾਂ।ਸੋਮਨਾਥ ਸਾਨੂੰ ਇੱਕ ਸਭਿਅਤਾ ਦਾ ਸੁਨੇਹਾ ਦਿੰਦਾ ਹੈ। ਇਸ ਤੋਂ ਪਹਿਲਾਂ ਦਾ ਵਿਸ਼ਾਲ ਸਮੁੰਦਰ ਕਾਲਹੀਣਤਾ ਨੂੰ ਉਜਾਗਰ ਕਰਦਾ ਹੈ। ਲਹਿਰਾਂ ਸਾਨੂੰ ਦੱਸਦੀਆਂ ਹਨ... ਕਿ ਭਾਵੇਂ ਤੂਫਾਨ ਕਿੰਨੇ ਵੀ ਭਿਆਨਕ ਹੋਣ ਜਾਂ ਲਹਿਰਾਂ ਕਿੰਨੀਆਂ ਵੀ ਅਸ਼ਾਂਤ ਹੋਣ, ਕੋਈ ਵੀ ਹਮੇਸ਼ਾ ਮਾਣ ਅਤੇ ਤਾਕਤ ਨਾਲ ਮੁੜ ਉੱਠ ਸਕਦਾ ਹੈ। ਲਹਿਰਾਂ ਕਿਨਾਰੇ 'ਤੇ ਵਾਪਸ ਆਉਂਦੀਆਂ ਹਨ, ਜਿਵੇਂ ਕਿ ਹਰ ਪੀੜ੍ਹੀ ਨੂੰ ਯਾਦ ਦਿਵਾਉਂਦੀਆਂ ਹਨ ਕਿ ਲੋਕਾਂ ਦੀ ਭਾਵਨਾ ਨੂੰ ਕਦੇ ਵੀ ਜ਼ਿਆਦਾ ਦੇਰ ਤੱਕ ਦਬਾਇਆ ਨਹੀਂ ਜਾ ਸਕਦਾ।ਸਾਡੇ ਪ੍ਰਾਚੀਨ ਗ੍ਰੰਥਾਂ ਵਿੱਚ ਕਿਹਾ ਗਿਆ ਹੈ: प्रवासं च धरिक्रि?य पृथ्वीविक्रम संभवम् ਇਸਦਾ ਅਰਥ ਹੈ, ਦੈਵੀ ਪ੍ਰਭਾਸ (ਸੋਮਨਾਥ) ਦੀ ਪ੍ਰਦਕਸ਼ਿਣਾ ਸਮੁੱਚੀ ਧਰਤੀ ਦੀ ਪ੍ਰਦਕਸ਼ਿਣਾ ਦੇ ਬਰਾਬਰ ਹੈ! ਜਦਕਿ ਲੋਕ ਇੱਥੇ ਪ੍ਰਾਰਥਨਾ ਕਰਨ ਲਈ ਆਏ ਹਨ, ਉਨ੍ਹਾਂ ਨੇ ਇੱਕ ਅਜਿਹੀ ਸਭਿਅਤਾ ਦੀ ਸ਼ਾਨਦਾਰ ਨਿਰੰਤਰਤਾ ਦਾ ਵੀ ਅਹਿਸਾਸ ਕੀਤਾ ਹੈ ਜਿਸਦੀ ਲਾਟ ਕਦੇ ਨਹੀਂ ਬੁਝਾਈ ਜਾ ਸਕਦੀ ਸੀ। ਸਾਮਰਾਜ ਉੱਠੇ ਅਤੇ ਡਿੱਗੇ, ਲਹਿਰਾਂ ਬਦਲੀਆਂ, ਇਤਿਹਾਸ ਜਿੱਤਾਂ ਅਤੇ ਉਥਲ-ਪੁਥਲ ਵਿੱਚੋਂ ਲੰਘਿਆ, ਫਿਰ ਵੀ ਸੋਮਨਾਥ ਸਾਡੀ ਚੇਤਨਾ ਵਿੱਚ ਕਾਇਮ ਰਿਹਾ।

ਇਹ ਅਣਗਿਣਤ ਮਹਾਂਪੁਰਖਾਂ ਨੂੰ ਯਾਦ ਕਰਨ ਦਾ ਸਮਾਂ ਹੈ ਜੋ ਜ਼ੁਲਮ ਦੇ ਸਾਹਮਣੇ ਦ੍ਰਿੜ੍ਹ ਰਹੇ। ਲਕੁਲੀਸ਼ਾ ਅਤੇ ਸੋਮ ਸਰਮਨ ਸਨ, ਜਿਨ੍ਹਾਂ ਨੇ ਪ੍ਰਭਾਸ ਨੂੰ ਫ਼ਲਸਫ਼ੇ ਦੇ ਇੱਕ ਮਹਾਨ ਕੇਂਦਰ ਵਿੱਚ ਬਦਲ ਦਿੱਤਾ। ਵੱਲਭੀ ਦੇ ਚੱਕਰਵਰਤੀ ਮਹਾਰਾਜਾ ਧਾਰਸੇਨ ਚੌਥੇ ਨੇ ਸਦੀਆਂ ਪਹਿਲਾਂ ਉੱਥੇ ਦੂਜਾ ਮੰਦਰ ਬਣਾਇਆ ਸੀ। ਭੀਮ ਦੇਵ, ਜੈਪਾਲ ਅਤੇ ਆਨੰਦਪਾਲ ਨੂੰ ਹਮਲਿਆਂ ਦੇ ਵਿਰੁੱਧ ਸਭਿਅਤਾ ਦੇ ਸਨਮਾਨ ਦੀ ਰਾਖੀ ਲਈ ਹਮੇਸ਼ਾ ਯਾਦ ਰੱਖਿਆ ਜਾਵੇਗਾ। ਕਿਹਾ ਜਾਂਦਾ ਹੈ ਕਿ ਰਾਜਾ ਭੋਜ ਨੇ ਵੀ ਮੁੜ ਉਸਾਰੀ ਵਿੱਚ ਮਦਦ ਕੀਤੀ। ਕਰਨ ਦੇਵ ਅਤੇ ਸਿੱਧਰਾਜ ਜੈਸਿਮਹਾ ਨੇ ਗੁਜਰਾਤ ਦੀ ਸਿਆਸੀ ਅਤੇ ਸਭਿਆਚਾਰਕ ਤਾਕਤ ਨੂੰ ਬਹਾਲ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਭਵ ਬ੍ਰਿਹਸਪਤੀ, ਕੁਮਾਰਪਾਲ ਸੋਲੰਕੀ ਅਤੇ ਪਸ਼ੂਪਤ ਆਚਾਰੀਆ ਨੇ ਪੂਜਾ ਅਤੇ ਸਿੱਖਿਆ ਦੇ ਇੱਕ ਮਹਾਨ ਕੇਂਦਰ ਵਜੋਂ ਮੰਦਿਰ ਨੂੰ ਮੁੜ ਬਣਾਇਆ ਅਤੇ ਕਾਇਮ ਰੱਖਿਆ। ਵਿਸ਼ਾਲਦੇਵ ਵਾਘੇਲਾ ਅਤੇ ਤ੍ਰਿਪੁਰਾਂਤਕ ਨੇ ਇਸਦੀਆਂ ਬੌਧਿਕ ਅਤੇ ਅਧਿਆਤਮਕ ਪਰੰਪਰਾਵਾਂ ਦੀ ਰਾਖੀ ਕੀਤੀ। ਮਹੀਪਾਲਦੇਵ ਅਤੇ ਰਾ ਖੰਗਰ ਨੇ ਵਿਨਾਸ਼ ਤੋਂ ਬਾਅਦ ਪੂਜਾ ਨੂੰ ਮੁੜ ਸੁਰਜੀਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਪੁਣਯਸ਼ਲੋਕ ਅਹਿਲਿਆਬਾਈ ਹੋਲਕਰ, ਜਿਨ੍ਹਾਂ ਦੀ 300ਵੀਂ ਜਨਮ ਸ਼ਤਾਬਦੀ ਮਨਾਈ ਜਾ ਰਹੀ ਹੈ, ਨੇ ਸਭ ਤੋਂ ਔਖੇ ਸਮੇਂ ਵਿੱਚ ਸ਼ਰਧਾ ਦੀ ਨਿਰੰਤਰਤਾ ਨੂੰ ਯਕੀਨੀ ਬਣਾਇਆ। ਬੜੌਦਾ ਦੇ ਗਾਇਕਵਾੜ ਸਨ, ਜਿਨ੍ਹਾਂ ਨੇ ਸ਼ਰਧਾਲੂਆਂ ਦੇ ਅਧਿਕਾਰਾਂ ਦੀ ਰਾਖੀ ਕੀਤੀ। ਅਤੇ ਬੇਸ਼ੱਕ, ਸਾਡੀ ਮਿੱਟੀ ਨੂੰ ਵੀਰ ਹਮੀਰਜੀ ਗੋਹਿਲ ਅਤੇ ਵੀਰ ਵੇਗਦਾਜੀ ਭੀਲ ਵਰਗੀਆਂ ਬਹਾਦਰ ਸ਼ਖ਼ਸੀਅਤਾਂ ਦਾ ਪਾਲਣ-ਪੋਸ਼ਣ ਕਰਨ ਦਾ ਸੁਭਾਗ ਪ੍ਰਾਪਤ ਹੈ, ਜਿਨ੍ਹਾਂ ਦੀ ਕੁਰਬਾਨੀ ਅਤੇ ਹਿੰਮਤ ਸੋਮਨਾਥ ਦੀ ਜੀਵਤ ਯਾਦ ਦਾ ਹਿੱਸਾ ਬਣ ਗਈ ਹੈ।1940 ਦੇ ਦਹਾਕੇ ਵਿੱਚ, ਜਦੋਂ ਆਜ਼ਾਦੀ ਦੀ ਭਾਵਨਾ ਪੂਰੇ ਭਾਰਤ ਵਿੱਚ ਫੈਲ ਗਈ ਅਤੇ ਸਰਦਾਰ ਪਟੇਲ ਵਰਗੀਆਂ ਵੱਡੀਆਂ ਹਸਤੀਆਂ ਦੀ ਅਗਵਾਈ ਵਿੱਚ ਇੱਕ ਨਵੇਂ ਗਣਰਾਜ ਦੀ ਨੀਂਹ ਰੱਖੀ ਜਾ ਰਹੀ ਸੀ, ਤਾਂ ਇੱਕ ਚੀਜ਼ ਉਨ੍ਹਾਂ ਨੂੰ ਬਹੁਤ ਪਰੇਸ਼ਾਨ ਕਰਦੀ ਰਹੀ... ਸੋਮਨਾਥ ਦੀ ਹਾਲਤ। 13 ਨਵੰਬਰ 1947 ਨੂੰ, ਦੀਵਾਲੀ ਦੇ ਸਮੇਂ, ਉਹ ਹੱਥਾਂ ਵਿੱਚ ਸਮੁੰਦਰ ਦਾ ਪਾਣੀ ਲੈ ਕੇ ਮੰਦਰ ਦੇ ਖੰਡਰਾਂ ਦੇ ਕੋਲ ਖੜ੍ਹੇ ਹੋਏ ਅਤੇ ਕਿਹਾ, ÷(ਗੁਜਰਾਤੀ) ਨਵੇਂ ਸਾਲ ਦੇ ਇਸ ਸ਼ੁਭ ਦਿਨ, ਅਸੀਂ ਫੈਸਲਾ ਕੀਤਾ ਹੈ ਕਿ ਸੋਮਨਾਥ ਦਾ ਮੁੜ ਨਿਰਮਾਣ ਕੀਤਾ ਜਾਣਾ ਚਾਹੀਦਾ ਹੈ। ਤੁਹਾਨੂੰ, ਸੌਰਾਸ਼ਟਰ ਦੇ ਲੋਕੋ, ਆਪਣੀ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਹ ਇੱਕ ਪਵਿੱਤਰ ਕਾਰਜ ਹੈ, ਜਿਸ ਵਿੱਚ ਸਾਰਿਆਂ ਨੂੰ ਹਿੱਸਾ ਲੈਣਾ ਚਾਹੀਦਾ ਹੈ।÷ ਸਰਦਾਰ ਪਟੇਲ ਦੇ ਇੱਕ ਜ਼ੋਰਦਾਰ ਸੱਦੇ 'ਤੇ, ਸਿਰਫ਼ ਗੁਜਰਾਤ ਦੇ ਲੋਕਾਂ ਨੇ ਹੀ ਨਹੀਂ, ਸਗੋਂ ਸਮੁੱਚੇ ਭਾਰਤ ਦੇ ਲੋਕਾਂ ਨੇ ਵੀ ਉਤਸ਼ਾਹ ਨਾਲ ਹੁੰਗਾਰਾ ਦਿੱਤਾ। ਬਦਕਿਸਮਤੀ ਨਾਲ, ਹੋਣੀ ਨੇ ਸਰਦਾਰ ਪਟੇਲ ਨੂੰ ਉਸ ਸੁਪਨੇ ਦੀ ਪੂਰਤੀ ਦਾ ਗਵਾਹ ਨਹੀਂ ਬਣਨ ਦਿੱਤਾ ਜਿਸਦੀ ਉਨ੍ਹਾਂ ਨੇ ਏਨੇ ਜੋਸ਼ ਨਾਲ ਹਮਾਇਤ ਕੀਤੀ ਸੀ। ਮੁੜ ਉਸਾਰੇ ਗਏ ਸੋਮਨਾਥ ਮੰਦਰ ਦੇ ਸ਼ਰਧਾਲੂਆਂ ਲਈ ਆਪਣੇ ਦਰਵਾਜ਼ੇ ਖੋਲ੍ਹਣ ਤੋਂ ਪਹਿਲਾਂ, ਉਹ ਇਸ ਦੁਨੀਆਂ ਤੋਂ ਚਲੇ ਗਏ ਸਨ। ਫਿਰ ਵੀ, ਪ੍ਰਭਾਸ ਪਾਟਨ ਦੇ ਪਵਿੱਤਰ ਕਿਨਾਰਿਆਂ 'ਤੇ ਉਨ੍ਹਾਂ ਦਾ ਪ੍ਰਭਾਵ ਲਗਾਤਾਰ ਮਹਿਸੂਸ ਕੀਤਾ ਜਾਂਦਾ ਰਿਹਾ। ਉਨ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਸ਼੍ਰੀ ਕੇ.ਐਮ. ਮੁਨਸ਼ੀ ਨੇ ਸਮਰਥਨ ਦਿੱਤਾ, ਜਿਨ੍ਹਾਂ ਨੂੰ ਨਵਾਂਨਗਰ ਦੇ ਜਾਮਸਾਹਿਬ ਨੇ ਪੂਰਾ ਸਾਥ ਦਿੱਤਾ। 1951 ਵਿੱਚ, ਜਦੋਂ ਮੰਦਰ ਮੁਕੰਮਲ ਹੋਇਆ, ਤਾਂ ਭਾਰਤ ਦੇ ਰਾਸ਼ਟਰਪਤੀ, ਡਾ. ਰਾਜੇਂਦਰ ਪ੍ਰਸਾਦ ਨੂੰ ਸਮਾਗਮ 'ਚ ਬੁਲਾਉਣ ਦਾ ਫੈਸਲਾ ਕੀਤਾ ਗਿਆ। ਉਸ ਸਮੇਂ ਦੇ ਪ੍ਰਧਾਨ ਮੰਤਰੀ ਪੰਡਿਤ ਨਹਿਰੂ ਦੇ ਸਖ਼ਤ ਇਤਰਾਜ਼ਾਂ ਨੂੰ ਦਰਕਿਨਾਰ ਕਰਦੇ ਹੋਏ, ਡਾ. ਪ੍ਰਸਾਦ ਨੇ ਸਮਾਗਮ ਵਿੱਚ ਸ਼ਿਰਕਤ ਕੀਤੀ, ਇਸ ਤਰ੍ਹਾਂ ਇਸਨੂੰ ਹੋਰ ਵੀ ਖ਼ਾਸ ਅਤੇ ਇਤਿਹਾਸਕ ਬਣਾ ਦਿੱਤਾ।ਮੇਰਾ ਮਨ ਅਕਤੂਬਰ, 2001 ਵੱਲ ਵੀ ਜਾਂਦਾ ਹੈ, ਜਦੋਂ ਮੈਂ ਮੁੱਖ ਮੰਤਰੀ ਵਜੋਂ ਅਹੁਦਾ ਸੰਭਾਲਿਆ ਸੀ। 31 ਅਕਤੂਬਰ 2001 ਨੂੰ, ਸਰਦਾਰ ਪਟੇਲ ਦੀ ਜਯੰਤੀ 'ਤੇ, ਗੁਜਰਾਤ ਸਰਕਾਰ ਨੂੰ ਸੋਮਨਾਥ ਮੰਦਰ ਦੇ ਦਰਵਾਜ਼ੇ ਖੋਲ੍ਹਣ ਦੇ 50 ਸਾਲ ਪੂਰੇ ਹੋਣ 'ਤੇ ਇੱਕ ਪ੍ਰੋਗਰਾਮ ਦਾ ਆਯੋਜਨ ਕਰਨ ਦਾ ਸਨਮਾਨ ਮਿਲਿਆ ਸੀ। ਇਹ ਸਰਦਾਰ ਪਟੇਲ ਦੇ 125ਵੇਂ ਜਨਮ ਦਿਵਸ ਸਮਾਗਮ ਨਾਲ ਵੀ ਮੇਲ ਖਾਂਦਾ ਸੀ। ਉਸ ਸਮੇਂ ਦੇ ਪ੍ਰਧਾਨ ਮੰਤਰੀ ਸ਼੍ਰੀ ਅਟਲ ਬਿਹਾਰੀ ਵਾਜਪਾਈ ਅਤੇ ਉਸ ਸਮੇਂ ਦੇ ਗ੍ਰਹਿ ਮੰਤਰੀ ਸ਼੍ਰੀ ਲਾਲ ਕ੍ਰਿਸ਼ਨ ਅਡਵਾਨੀ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਏ ਸਨ।11 ਮਈ, 1951 ਨੂੰ ਆਪਣੇ ਭਾਸ਼ਣ ਦੌਰਾਨ ਡਾ. ਰਾਜੇਂਦਰ ਪ੍ਰਸਾਦ ਨੇ ਕਿਹਾ ਕਿ ਸੋਮਨਾਥ ਮੰਦਰ ਦੁਨੀਆ ਨੂੰ ਐਲਾਨੀਆ ਹੋ ਕੇ ਇਹ ਦੱਸਦਾ ਹੈ ਕਿ ਬੇਮਿਸਾਲ ਵਿਸ਼ਵਾਸ ਅਤੇ ਪ੍ਰੇਮ ਵਾਲੀ ਕੋਈ ਵੀ ਚੀਜ਼ ਤਬਾਹ ਨਹੀਂ ਹੋ ਸਕਦੀ। ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਇਹ ਮੰਦਰ ਲੋਕਾਂ ਦੇ ਦਿਲਾਂ ਵਿੱਚ ਵਸਦਾ ਰਹੇਗਾ। ਉਨ੍ਹਾਂ ਇਹ ਵੀ ਕਿਹਾ ਕਿ ਮੰਦਰ ਦੀ ਬਹਾਲੀ ਸਰਦਾਰ ਪਟੇਲ ਦੇ ਸੁਪਨੇ ਦੀ ਪੂਰਤੀ ਸੀ, ਪਰ ਉਸ ਭਾਵਨਾ ਨੂੰ ਅੱਗੇ ਵਧਾਉਂਦੇ ਹੋਏ, ਇਹ ਮਹੱਤਵਪੂਰਨ ਹੈ ਕਿ ਅਸੀਂ ਲੋਕਾਂ ਦੇ ਜੀਵਨ ਵਿੱਚ ਖੁਸ਼ਹਾਲੀ ਬਹਾਲ ਕਰੀਏ। ਇਹ ਮਹੱਤਵਪੂਰਨ ਅਤੇ ਪ੍ਰੇਰਨਾਦਾਇਕ ਸੁਨੇਹੇ ਹਨ ਜੋ ਉਨ੍ਹਾਂ ਨੇ ਦਿੱਤੇ ਹਨ।

ਇਹ ਉਹ ਰਸਤਾ ਹੈ ਜਿਸ 'ਤੇ ਅਸੀਂ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਚੱਲ ਰਹੇ ਹਾਂ। ਮੈਂ ਇਸਨੂੰ ਆਪਣਾ ਸੁਭਾਗ ਸਮਝਦਾ ਹਾਂ ਕਿ, 'ਵਿਕਾਸ ਵੀ, ਵਿਰਾਸਤ ਵੀ' ਦੇ ਸਿਧਾਂਤ ਤੋਂ ਪ੍ਰੇਰਿਤ ਹੋ ਕੇ, ਸੋਮਨਾਥ ਤੋਂ ਕਾਸ਼ੀ, ਕਾਮਾਖਿਆ ਤੋਂ ਕੇਦਾਰਨਾਥ, ਅਯੁੱਧਿਆ ਤੋਂ ਉਜੈਨ, ਤ੍ਰਿੰਬਕੇਸ਼ਵਰ ਤੋਂ ਸ਼੍ਰੀਸੈਲਮ ਤੱਕ, ਸਾਡੀ ਟੀਮ ਨੂੰ ਸਾਡੇ ਅਧਿਆਤਮਕ ਕੇਂਦਰਾਂ ਨੂੰ ਨਵੀਨਤਮ ਸਹੂਲਤਾਂ ਨਾਲ ਲੈਸ ਕਰਨ ਦਾ ਮੌਕਾ ਮਿਲਿਆ ਹੈ ਅਤੇ ਨਾਲ ਹੀ ਉਨ੍ਹਾਂ ਦੇ ਰਵਾਇਤੀ ਦਿੱਖ ਨੂੰ ਸੁਰੱਖਿਅਤ ਰੱਖਿਆ ਗਿਆ ਹੈ। ਸੰਪਰਕ ਵਧਾਉਣ ਦੇ ਯਤਨਾਂ ਦੇ ਨਾਲ-ਨਾਲ, ਇਹ ਯਕੀਨੀ ਬਣਾਉਂਦਾ ਹੈ ਕਿ ਵੱਧ ਤੋਂ ਵੱਧ ਲੋਕ ਇਨ੍ਹਾਂ ਥਾਵਾਂ 'ਤੇ ਜਾ ਸਕਣ। ਇਹ ਸਥਾਨਕ ਅਰਥ-ਵਿਵਸਥਾ ਨੂੰ ਹੁਲਾਰਾ ਦਿੰਦਾ ਹੈ, ਲੋਕਾਂ ਦੀ ਰੋਜ਼ੀ-ਰੋਟੀ ਦੀ ਰਾਖੀ ਕਰਦਾ ਹੈ ਅਤੇ 'ਇੱਕ ਭਾਰਤ, ਸ੍ਰੇਸ਼ਠ ਭਾਰਤ' ਦੀ ਭਾਵਨਾ ਨੂੰ ਹੋਰ ਡੂੰਘਾ ਕਰਦਾ ਹੈ।ਸੋਮਨਾਥ ਦੀ ਰਾਖੀ ਲਈ ਆਪਣੀਆਂ ਜਾਨਾਂ ਵਾਰਨ ਵਾਲਿਆਂ ਅਤੇ ਇਸਨੂੰ ਵਾਰ-ਵਾਰ ਮੁੜ ਉਸਾਰਨ ਵਾਲਿਆਂ ਦੇ ਸੰਘਰਸ਼ਾਂ ਅਤੇ ਕੁਰਬਾਨੀਆਂ ਨੂੰ ਕਦੇ ਨਹੀਂ ਭੁਲਾਇਆ ਜਾਵੇਗਾ। ਭਾਰਤ ਦੇ ਵੱਖ-ਵੱਖ ਕੋਨਿਆਂ ਤੋਂ ਅਣਗਿਣਤ ਵਿਅਕਤੀਆਂ ਨੇ ਇਸਦੀ ਸ਼ਾਨ ਨੂੰ ਬਹਾਲ ਕਰਨ ਵਿੱਚ ਯੋਗਦਾਨ ਪਾਇਆ। ਉਹ ਭਾਰਤ ਦੇ ਹਰ ਹਿੱਸੇ ਨੂੰ ਪਵਿੱਤਰ ਸਮਝਦੇ ਸਨ, ਜੋ ਭੂਗੋਲ ਤੋਂ ਪਰੇ ਏਕਤਾ ਦੀ ਭਾਵਨਾ ਨਾਲ ਬੱਝਿਆ ਹੋਇਆ ਸੀ। ਇੱਕ ਅਜਿਹੀ ਦੁਨੀਆਂ ਵਿੱਚ ਜੋ ਅਕਸਰ ਵੰਡੀ ਹੁੰਦੀ ਹੈ, ਏਕਤਾ ਦੀ ਇਹ ਭਾਵਨਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਪ੍ਰਸੰਗਕ ਹੈ। ਸੋਮਨਾਥ ਆਪਣੀ ਪੂਰੀ ਸ਼ਾਨ ਨਾਲ ਬੁਲੰਦ ਹੁੰਦਾ ਰਹੇਗਾ ਕਿਉਂਕਿ ਏਕਤਾ ਦੀ ਭਾਵਨਾ ਅਤੇ ਸਾਂਝੀ ਸਭਿਅਤਾ ਦੀ ਚੇਤਨਾ ਹਰ ਭਾਰਤੀ ਦੇ ਦਿਲਾਂ ਵਿੱਚ ਵਸਦੀ ਹੈ। ਇਸ ਨੂੰ ਸ਼ਰਧਾਂਜਲੀ ਵਜੋਂ, ਹਜ਼ਾਰ ਸਾਲਾਂ ਦੀ ਅਸਾਧਾਰਨ ਹਿੰਮਤ ਨੂੰ ਯਾਦ ਕਰਦੇ ਹੋਏ, ਅਗਲੇ ਹਜ਼ਾਰ ਦਿਨਾਂ ਲਈ ਸੋਮਨਾਥ ਵਿਖੇ ਵਿਸ਼ੇਸ਼ ਪੂਜਾ ਹੋਵੇਗੀ। ਕਈ ਲੋਕਾਂ ਨੂੰ ਇਸ ਪੂਜਾ ਲਈ ਦਾਨ ਕਰਦੇ ਹੋਏ ਦੇਖ ਕੇ ਖੁਸ਼ੀ ਹੁੰਦੀ ਹੈ। ਮੈਂ ਆਪਣੇ ਸਾਥੀ ਭਾਰਤੀਆਂ ਨੂੰ ਇਸ ਖ਼ਾਸ ਸਮੇਂ 'ਤੇ ਸੋਮਨਾਥ ਦੀ ਯਾਤਰਾ ਕਰਨ ਦੀ ਅਪੀਲ ਕਰਦਾ ਹਾਂ।

ਜਦੋਂ ਤੁਸੀਂ ਸੋਮਨਾਥ ਦੇ ਕੰਢੇ ਖੜ੍ਹੇ ਹੋਵੋ, ਤਾਂ ਇਸ ਦੀਆਂ ਪ੍ਰਾਚੀਨ ਗੂੰਜਾਂ ਨੂੰ ਆਪਣੇ ਨਾਲ ਇੱਕ ਸੁਰ ਹੋਣ ਦਿਓ। ਤੁਸੀਂ ਨਾ ਸਿਰਫ਼ ਸ਼ਰਧਾ ਨਾਲ ਭਰ ਜਾਓਗੇ ਸਗੋਂ ਇੱਕ ਸੱਭਿਅਤਾ ਦੀ ਭਾਵਨਾ ਦੀ ਮਜ਼ਬੂਤ ਨਬਜ਼ ਨੂੰ ਵੀ ਮਹਿਸੂਸ ਕਰੋਗੇ, ਜੋ ਮੱਧਮ ਪੈਣ ਤੋਂ ਇਨਕਾਰ ਕਰਦੀ ਹੈ, ਜੋ ਅਟੁੱਟ ਅਤੇ ਅਡੋਲ ਹੈ। ਤੁਸੀਂ ਭਾਰਤ ਦੀ ਅਜੇਤੂ ਭਾਵਨਾ ਦਾ ਅਹਿਸਾਸ ਕਰੋਗੇ ਅਤੇ ਸਮਝੋਗੇ ਕਿ ਹਰ ਕੋਸ਼ਿਸ਼ ਦੇ ਬਾਵਜੂਦ, ਸਾਡਾ ਸਭਿਆਚਾਰ ਕਿਉਂ ਅਟੁੱਟ ਰਿਹਾ ਅਤੇ ਤੁਹਾਨੂੰ ਸਦੀਵੀ ਜਿੱਤ ਦੇ ਦਰਸ਼ਨ ਕਰਨ ਦਾ ਮੌਕਾ ਮਿਲੇਗਾ। ਇਹ ਲਾਜ਼ਮੀ ਤੌਰ 'ਤੇ ਨਾ ਭੁੱਲਣਯੋਗ ਹੋਵੇਗਾ।

ਜੈ ਸੋਮਨਾਥ।

(ਸ਼੍ਰੀ ਨਰੇਂਦਰ ਮੋਦੀ ਭਾਰਤ ਦੇ ਪ੍ਰਧਾਨ ਮੰਤਰੀ ਹਨ ਅਤੇ ਸ਼੍ਰੀ ਸੋਮਨਾਥ ਟਰੱਸਟ ਦੇ ਚੇਅਰਮੈਨ ਵੀ ਹਨ)

# ਬੰਦੀ ਸਿੰਘਾਂ ਦੀ ਰਿਹਾਈ ਲਈ ਕੌਮੀ ਇਨਸਾਫ ਮੋਰਚੇ ਨੇ ਸੰਸਦ ਭਵਨ ਤੱਕ ਰੋਸ ਮਾਰਚ ਕੱਢਿਆ




ਲੁਧਿਆਣਾ, 7 ਮਈ (ਰਵਿੰਦਰ ਸਿੰਘ ਨਿੱਝਰ) : ਲੰਬੇ ਸਮੇਂ ਤੋਂ ਜੇਲ੍ਹਾਂ ਵਿੱਚ ਬੰਦ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਲਈ ਕੌਮੀ ਇਨਸਾਫ਼ ਮੋਰਚੇ ਵੱਲੋਂ ਸੰਕੇਤਕ ਰੂਪ ਵਿੱਚ 101 ਸਿੱਖਾਂ ਦੇ ਜਥੇ ਦੇ ਰੂਪ ਵਿੱਚ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਤੋਂ ਸੰਸਦ ਭਵਨ ਤੱਕ ਰੋਸ ਮਾਰਚ ਕੀਤਾ ਜਾਣਾ ਸੀ ਪਰ ਇਹ ਬੇਹੱਦ ਨਿੰਦਣਯੋਗ ਗੱਲ ਹੈ ਸੈਂਟਰ ਸਰਕਾਰ ਅਤੇ ਦਿੱਲੀ ਸਰਕਾਰ ਦੀ ਸ਼ਹਿ 'ਤੇ ਦਿੱਲੀ ਪੁਲਿਸ ਪ੍ਰਸ਼ਾਸਨ ਨੇ ਗੁਰਦੁਆਰਾ ਬੰਗਲਾ ਸਾਹਿਬ ਦੇ ਗੇਟ ਤੋਂ ਬਾਹਰ ਨਿਕਲਦੀ ਸਾਰ ਹੀ ਆਗੂਆਂ ਨੂੰ ਜ਼ਬਰਦਸਤ ਚੁੱਕ ਕੇ ਬੱਸਾਂ ਵਿੱਚ ਸੁੱਟ ਕੇ ਅਲੱਗ ਅਲੱਗ ਥਾਣਿਆਂ ਵਿੱਚ ਰੱਖਿਆ ਗਿਆ ਕਿਉਂਕਿ ਦਿੱਲੀ ਪੁਲਿਸ ਪ੍ਰਸ਼ਾਸਨ ਨੇ ਗੁਰਦੁਆਰਾ ਬੰਗਲਾ ਸਾਹਿਬ ਦੇ ਸਾਰੇ ਗੇਟ ਭਾਰੀ ਫੋਰਸ ਬਲ ਨਾਲ ਸੀਲ ਕੀਤੇ ਹੋਏ ਸਨ ਕੌਮੀ ਇਨਸਾਫ ਮੋਰਚੇ ਵੱਲੋਂ ਇਸ ਦੀ ਕਰੜੇ ਸ਼ਬਦ ਵਿੱਚ ਘੋਰ ਨਿੰਦਾ ਕੀਤੀ ਜਾਂਦੀ ਹੈ। ਕੌਮੀ ਇਨਸਾਫ ਮੋਰਚੇ ਦੇ ਗ੍ਰਿਫਤਾਰ ਆਗੂ ,ਬਾਪੂ ਗੁਰਚਰਨ ਸਿੰਘ ਸਰਪ੍ਰਸਤ, ਗੁਰਦੀਪ ਸਿੰਘ ਬਠਿੰਡਾ, ਗੁਰਿੰਦਰ ਸਿੰਘ ਭੰਗੂ, ਪਾਲ ਸਿੰਘ ਫਰਾਂਸ, ਕਰਨੈਲ ਸਿੰਘ ਪੰਜੋਲੀ, ਗੁਰਿੰਦਰ ਸਿੰਘ ਬਾਜਵਾ, ਲਖਵਿੰਦਰ ਸਿੰਘ ਔਲਖ, ਸਤਵਿੰਦਰ ਸਿੰਘ ਟੌਹੜਾ, ਬਲਵਿੰਦਰ ਸਿੰਘ ਫਿਰੋਜ਼ਪੁਰ ,ਅੰਗਰੇਜ਼ ਸਿੰਘ ਬੂਟੇਬਾਲਾ, ਅਮਰੀਕ ਸਿੰਘ ਰੋਮੀ, ਇੰਦਰਵੀਰ ਸਿੰਘ ਪਟਿਆਲਾ , ਸਮੇਤ 50 ਦੇ ਲਗਭਗ ਗਿਰਫਤਾਰੀਆਂ ਕੀਤੀਆਂ ਗਈਆਂ ਹਨ ਸੈਂਟਰ ਅਤੇ ਦਿੱਲੀ ਸਰਕਾਰ ਨੇ ਲੋਕਤੰਤਰ ਅਤੇ ਡੈਮੋਕਰੇਸੀ ਦਾ ਘਾਣ ਕੀਤਾ ਹੈ ਦੇਸ਼ ਵਿੱਚ ਹਰ ਇੱਕ ਦਾ ਹੱਕ ਹੈ ਧੱਕੇ ਤੇ ਜਬਰ ਦੇ ਵਿਰੁੱਧ ਸ਼ਾਂਤਮਈ ਤਰੀਕੇ ਨਾਲ ਆਪਣਾ ਰੋਸ ਜਾਹਿਰ ਕਰ ਸਕਦਾ ਹੈ ਖਬਰ ਲਿਖਣ ਤੱਕ ਕਿਸੇ ਨੂੰ ਵੀ ਰਿਹਾ ਨਹੀਂ ਕੀਤਾ ਗਿਆ ਸੀ ਕੌਮੀ ਇਨਸਾਫ ਮੋਰਚੇ ਦੀ ਲੀਡਰਸ਼ਿਪ ਨੇ ਇਹ ਸਪਸ਼ਟ ਕੀਤਾ ਬੰਦੀ ਸਿੰਘਾਂ ਦੀ ਰਿਹਾਈ ਲਈ ਆਰ ਪਾਰ ਦੀ ਲੜਾਈ ਲੜੀ ਜਾਵੇਗੀ।

# ਪ੍ਰਸ਼ਾਸਨ ਵੱਲੋਂ ਜਨਗਣਨਾ ਕਰਨ ਵਾਲਿਆਂ ਨੂੰ ਤੁਰੰਤ ਡਿਊਟੀ 'ਤੇ ਆਉਣ ਦੀ ਤਾਕੀਦ



ਲੁਧਿਆਣਾ,7 ਮਈ (ਵਿਸ਼ਾਲ ਸ਼ਰਮਾ): ਜ਼ਿਲ੍ਹਾ ਜਨਗਣਨਾ ਅਧਿਕਾਰੀ-ਕਮ-ਵਧੀਕ ਡਿਪਟੀ ਕਮਿਸ਼ਨਰ (ਜਨਰਲ) ਪੂਨਮ ਸਿੰਘ ਵੱਲੋਂ ਸਖ਼ਤ ਲਹਿਜੇ ਵਿੱਚ ਕਿਹਾ ਗਿਆ ਕਿ ਜਿਨ੍ਹਾਂ ਕਰਮਚਾਰੀਆਂ ਦੀ ਜਨਗਣਨਾ ਵਿੱਚ ਡਿਊਟੀ ਲੱਗੀ ਹੈ ਉਹ ਤੁਰੰਤ ਆਪਣੀ ਜਿੰਮੇਵਾਰੀ ਸਾਂਭਣ।

ਵਧੀਕ ਡਿਪਟੀ ਕਮਿਸ਼ਨਰ (ਜਨਰਲ) ਪੂਨਮ ਸਿੰਘ ਵੱਲੋਂ ਸਪੱਸ਼ਟ ਕੀਤਾ ਗਿਆ ਹੈ ਕਿ ਜਨਗਣਨਾ ਨੂੰ ਮੁਕੰਮਲ ਕਰਨ ਲਈ ਤੈਅ ਸਮਾਂ ਸੀਮਾ ਨਿਰਧਾਰਿਤ ਕੀਤੀ ਗਈ ਹੈ ਅਤੇ ਇਸ ਪ੍ਰਕਿਰਿਆ ਨੂੰ ਸਮਾਂਬੱਧ ਢੰਗ ਨਾਲ ਨੇਪਰੇ ਚਾੜਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਅੱਗੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ 15 ਮਈ ਤੋਂ 13 ਜੂਨ ਤੱਕ ਮਰਦਮਸ਼ੁਮਾਰੀ 2027 ਪੜਾਅ ਨੂੰ ਪੂਰਾ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਢਿੱਲ ਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਆਪਣੀ ਡਿਊਟੀ ਵਿੱਚ ਕੁਤਾਹੀ ਕਰਨ ਵਾਲੇ ਕਰਮਚਾਰੀਆਂ ਨੂੰ ਪਹਿਲਾਂ 'ਕਾਰਨ ਦੱਸੋ' ਨੋਟਿਸ ਕੱਢਿਆ ਜਾਵੇਗਾ, ਉਪਰੰਤ ਫੌਜਦਾਰੀ ਮੁਕੱਦਮਾ ਵੀ ਦਰਜ ਕਰਵਾਇਆ ਜਾ ਸਕਦਾ ਹੈ।

# ਪੀ.ਏ.ਯੂ. ਦੇ ਵੀ.ਸੀ. ਡਾ.ਗੋਸਲ ਨੇ ਪੂਰੀ ਕੀਤੀ ਜਨਗਣਨਾ ਦੀ ਸਵੈ-ਗਣਨਾ ਪ੍ਰਕਿਰਿਆ



ਲੁਧਿਆਣਾ, 7 ਮਈ (ਵਿਸ਼ਾਲ ਸ਼ਰਮਾ) : ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਸਤਬੀਰ ਸਿੰਘ ਗੋਸਲ ਨੇ ਜਨਗਣਨਾ 2027 ਅਧੀਨ ਸਵੈ-ਗਣਨਾ (ਐਸ.ਈ) ਪ੍ਰਕਿਰਿਆ ਨੂੰ ਸਫਲਤਾਪੂਰਵਕ ਪੂਰਾ ਕੀਤਾ ਹੈ ਅਤੇ ਸਾਰੇ ਨਾਗਰਿਕਾਂ ਨੂੰ ਇਸ ਰਾਸ਼ਟਰੀ ਅਭਿਆਸ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਦੀ ਅਪੀਲ ਕੀਤੀ ਹੈ। ਜਨਗਣਨਾ 2027 ਲਈ ਸਵੈ-ਗਣਨਾ ਪੜਾਅ 30 ਅਪ੍ਰੈਲ 2026 ਤੋਂ 14 ਮਈ 2026 ਤੱਕ ਅਧਿਕਾਰਤ ਪੋਰਟਲ se.census.gov.in ਰਾਹੀਂ ਕਰਵਾਇਆ ਜਾ ਰਿਹਾ ਹੈ। ਨਾਗਰਿਕ ਆਪਣੇ ਘਰਾਂ ਤੋਂ ਆਰਾਮ ਨਾਲ ਮੋਬਾਈਲ ਨੰਬਰ ਅਤੇ ਓਟੀਪੀ ਤਸਦੀਕ ਦੀ ਵਰਤੋਂ ਕਰਕੇ ਆਪਣੇ ਘਰੇਲੂ ਜਨਗਣਨਾ ਵੇਰਵੇ ਆਨਲਾਈਨ ਜਮ੍ਹਾਂ ਕਰਵਾ ਸਕਦੇ ਹਨ।

ਪ੍ਰਕਿਰਿਆ ਨੂੰ ਪੂਰਾ ਕਰਦੇ ਸਮੇਂ, ਨਾਗਰਿਕਾਂ ਨੂੰ ਘਰੇਲੂ ਅਤੇ ਪਰਿਵਾਰਕ ਵੇਰਵੇ ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ, ਜਿਸ ਵਿੱਚ ਰਿਹਾਇਸ਼ੀ ਸਥਿਤੀਆਂ, ਘਰੇਲੂ ਸਹੂਲਤਾਂ, ਸੰਪਤੀਆਂ ਅਤੇ ਬੁਨਿਆਦੀ ਸਹੂਲਤਾਂ ਨਾਲ ਸਬੰਧਤ ਘਰ ਸੂਚੀਕਰਨ ਕਾਰਜ ਦੀ ਜਾਣਕਾਰੀ ਸ਼ਾਮਲ ਹੈ। ਇਕੱਠੀ ਕੀਤੀ ਗਈ ਜਾਣਕਾਰੀ ਵਿਕਾਸ ਯੋਜਨਾਬੰਦੀ ਅਤੇ ਨੀਤੀ ਨਿਰਮਾਣ ਵਿੱਚ ਸਰਕਾਰ ਦੀ ਸਹਾਇਤਾ ਕਰੇਗੀ।

ਡਾ. ਸਤਬੀਰ ਸਿੰਘ ਗੋਸਲ ਨੇ ਵਿਦਿਆਰਥੀਆਂ, ਫੈਕਲਟੀ ਮੈਂਬਰਾਂ, ਯੂਨੀਵਰਸਿਟੀ ਸਟਾਫ਼ ਅਤੇ ਆਮ ਜਨਤਾ ਨੂੰ ਨਿਰਧਾਰਤ ਸਮੇਂ ਦੇ ਅੰਦਰ ਆਪਣੀ ਸਵੈ-ਗਣਨਾ ਪੂਰੀ ਕਰਨ ਅਤੇ ਸੋਸ਼ਲ ਮੀਡੀਆ ਅਤੇ ਕਮਿਊਨਿਟੀ ਨੈੱਟਵਰਕ ਰਾਹੀਂ ਜਾਗਰੂਕਤਾ ਫੈਲਾਉਣ ਲਈ ਉਤਸ਼ਾਹਿਤ ਕੀਤਾ।

ਸਵੈ-ਗਣਨਾ ਪ੍ਰਕਿਰਿਆ ਦੌਰਾਨ ਜਨਗਣਨਾ ਸੰਚਾਲਨ ਡਾਇਰੈਕਟੋਰੇਟ, ਪੰਜਾਬ, ਚੰਡੀਗੜ੍ਹ ਤੋਂ ਡਿਪਟੀ ਡਾਇਰੈਕਟਰ ਸ੍ਰੀਮਤੀ ਡਾ. ਰੁਚੀ ਗੁਪਤਾ, ਅੰਕੜਾ ਜਾਂਚਕਰਤਾ ਗ੍ਰੇਡ-99 ਸ਼੍ਰੀ ਅਲੋਕ ਕੁਮਾਰ ਅਤੇ ਗਵਰਨੈਂਸ ਫੈਲੋ ਸ਼ੁਭੰਕਰ ਕੁੰਡੂ ਵੀ ਮੌਜੂਦ ਸਨ। ਆਨਲਾਈਨ ਪ੍ਰਕਿਰਿਆ ਵਿੱਚ ਰਜਿਸਟ੍ਰੇਸ਼ਨ, ਓਟੀਪੀ ਤਸਦੀਕ, ਘਰ ਦੇ ਵੇਰਵੇ ਦਰਜ ਕਰਨਾ ਅਤੇ ਇੱਕ ਵਿਲੱਖਣ ਸਵੈ-ਗਣਨਾ ਆਈ.ਡੀ ਤਿਆਰ ਕਰਨ ਲਈ ਅੰਤਿਮ @ਤੇ ਜਮ੍ਹਾਂ ਕਰਨਾ ਸ਼ਾਮਲ ਹੈ। ਪ੍ਰਦਾਨ ਕੀਤੀ ਗਈ ਸਾਰੀ ਜਾਣਕਾਰੀ ਪੂਰੀ ਤਰ੍ਹਾਂ ਗੁਪਤ ਰਹਿੰਦੀ ਹੈ ਅਤੇ ਇਸਦੀ ਵਰਤੋਂ ਸਿਰਫ਼ ਅਧਿਕਾਰਤ ਜਨਗਣਨਾ ਉਦੇਸ਼ਾਂ ਲਈ ਕੀਤੀ ਜਾਵੇਗੀ। ਆਨਲਾਈਨ ਪ੍ਰਕਿਰਿਆ ਨੂੰ ਪੂਰਾ ਕਰਨ ਵਿੱਚ ਅਸਮਰੱਥ ਪਰਿਵਾਰਾਂ ਨੂੰ ਬਾਅਦ ਵਿੱਚ ਫੀਲਡ ਗਣਨਾ ਪੜਾਅ ਦੌਰਾਨ ਨਾਮਜ਼ਦ ਗਣਨਾਕਾਰਾਂ ਦੁਆਰਾ ਕਵਰ ਕੀਤਾ ਜਾਵੇਗਾ।

# ਰਾਮਗੜ੍ਹੀਆ ਸਕੂਲ ਵਿੱਚ ਐਨ.ਸੀ.ਸੀ. ਦੀ ਭਰਤੀ




ਲੁਧਿਆਣਾ, 7 ਮਈ (ਰਵਿੰਦਰ ਸਿੰਘ ਨਿੱਝਰ): ਰਾਮਗੜ੍ਹੀਆ ਸੀਨੀਅਰ ਸੈਕੰਡਰੀ ਸਕੂਲ ਵਿੱਚ ਤਿੰਨ ਪੀਬੀ ਬੀਐਨ ਐਨਸੀਸੀ ਦੇ ਕਮਾਂਡਿੰਗ ਅਫਸਰ ਅਜੇ ਕੋਹਲੀ ਅਤੇ ਪ੍ਰਸ਼ਾਸਨਿਕ ਅਫਸਰਕਰਨਲ ਜੇਪੀ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਐਸਐਮ ਕਰਨੈਲ ਸਿੰਘ ਦੀ ਅਗਵਾਈ ਹੇਠ ਐਨਸੀਸੀ ਦੇ ਜੂਨੀਅਰ ਡਿਵੀਜ਼ਨ ਦੇ ਕੈਡੇਟਸ ਦੀ ਭਰਤੀ ਕੀਤੀ ਗਈ, ਜਿਸ ਵਿੱਚ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਭਾਗ ਲਿਆ। ਸੂਬੇਦਾਰ ਹਰਪਾਲ ਸਿੰਘ ਅਤੇ ਹੌਲਦਾਰ ਜਗਪ੍ਰੀਤ ਸਿੰਘ ਵੱਲੋਂ ਲਈ ਗਈ ਸਖਤ ਪ੍ਰੀਖਿਆ ਤੋਂ ਬਾਅਦ 17 ਕੈਡੇਟਸ ਦੀ ਚੋਣ ਕੀਤੀ ਗਈ। ਇਸ ਮੌਕੇ ਪ੍ਰਿੰ ਮਨਪ੍ਰੀਤ ਕੌਰ ਵਿਰਕ, ਏ ਐਨ ਓ ਪਰਮਜੀਤ ਸਿੰਘ ਅਤੇ ਸਕੂਲ ਅਧਿਆਪਕਾ ਗੁਰਪ੍ਰੀਤ ਕੌਰ ਆਦਿ ਵੀ ਮੌਜੂਦ ਸਨ।

# ਮੀਡੀਆ ਵੱਲੋਂ ਮਿਲੇ ਸਮਰਥਨ ਨੇ ਸੰਘਰਸ਼ ਦੇ ਦੂਜੇ ਦਿਨ ਮੁਲਾਜ਼ਮਾਂ ਦੇ ਹੌਸਲੇ ਬੁਲੰਦ ਕੀਤੇ : ਗਿੱਲ



ਜਗਰਾਓਂ, 7 ਮਈ (ਵਿਸ਼ਾਲ ਅੱਤਰੇ ਆਰੀਅਨ ਅੱਤਰੇ): ਪੰਜਾਬ ਭਰ ਦੇ ਸਫਾਈ ਸੇਵਕਾਂ ਅਤੇ ਮਿਉਂਸੀਪਲ ਕਾਮਿਆਂ ਵੱਲੋਂ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਸਫਾਈ ਸੇਵਕ ਯੂਨੀਅਨ ਅਤੇ ਮਿਉਸੀਪਲ ਐਕਸ਼ਨ ਕਮੇਟੀ ਪੰਜਾਬ ਦੇ ਬੈਨਰ ਹੇਠ 06 ਮਈ ਤੋਂ ਸ਼ੁਰੂ ਕੀਤੀ ਅਣਮਿਥੇ ਸਮੇਂ ਦੀ ਹੜਤਾਲ ਦੂਸਰੇ ਦਿਨ ਹੋਰ ਭਖਦੀ ਨਜ਼ਰ ਆਈ। ਇਸ ਸੰਘਰਸ਼ ਨੂੰ ਮੀਡੀਆ ਵੱਲੋਂ ਮਿਲੇ ਵੱਡੇ ਸਮਰਥਨ ਨੇ ਮੁਲਾਜ਼ਮਾਂ ਦੇ ਹੌਸਲੇ ਬੁਲੰਦ ਕਰ ਦਿੱਤੇ ਹਨ।ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਅਰੁਣ ਗਿੱਲ ਨੇ ਤਿੱਖੇ ਸ਼ਬਦਾਂ ਵਿੱਚ ਕਿਹਾ ਕਿ ਪੰਜਾਬ ਸਰਕਾਰ ਸਾਲਾਂ ਤੋਂ ਸਫਾਈ ਸੇਵਕਾਂ ਅਤੇ ਮਿਉਂਸੀਪਲ ਕਾਮਿਆਂ ਨਾਲ ਧੱਕੇਸ਼ਾਹੀ ਕਰਦੀ ਆ ਰਹੀ ਹੈ। ਨਾ ਤਾਂ ਪੱਕੀ ਭਰਤੀ ਕੀਤੀ ਜਾ ਰਹੀ ਹੈ, ਨਾ ਹੀ ਤਨਖਾਹਾਂ ਅਤੇ ਹੋਰ ਬੁਨਿਆਦੀ ਹੱਕ ਸਮੇਂ ਸਿਰ ਦਿੱਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਹੁਣ ਵੀ ਇਹਨਾਂ ਮਿਹਨਤੀ ਕਾਮਿਆਂ ਦੀਆਂ ਮੰਗਾਂ ਨੂੰ ਅਣਡਿੱਠਾ ਕੀਤਾ ਤਾਂ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ, ਜਿਸ ਦੀ ਪੂਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਦੀ ਹੋਵੇਗੀ।ਉਨ੍ਹਾਂ ਕਿਹਾ ਕਿ ਅੱਜ ਸੋਸ਼ਲ ਮੀਡੀਆ ਤੋਂ ਲੈ ਕੇ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਤੱਕ ਹਰ ਪਾਸੇ ਇਸ ਸੰਘਰਸ਼ ਦੀ ਗੂੰਜ ਸੁਣਾਈ ਦੇ ਰਹੀ ਹੈ। ਮੀਡੀਆ ਨੇ ਸਫਾਈ ਸੇਵਕਾਂ ਦੀ ਆਵਾਜ਼ ਨੂੰ ਲੋਕਾਂ ਤੱਕ ਪਹੁੰਚਾ ਕੇ ਸੰਘਰਸ਼ ਵਿੱਚ ਨਵਾਂ ਜੋਸ਼ ਭਰ ਦਿੱਤਾ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜਦ ਤੱਕ ਮੰਗਾਂ ਦਾ ਠੋਸ ਹੱਲ ਨਹੀਂ ਹੁੰਦਾ, ਹੜਤਾਲ ਅਤੇ ਧਰਨੇ ਜਾਰੀ ਰਹਿਣਗੇ।ਅੱਜ ਦੇ ਧਰਨੇ ਨੂੰ ਕਮਲਜੀਤ ਖੰਨਾ, ਪੁਰਸ਼ੋਤਮ ਲਾਲ ਖਲੀਫਾ, ਪਰਮਜੀਤ ਸਿੰਘ ਰਿੰਪੀ ਲੱਧੜ, ਕੁਲਵੰਤ ਸਿੰਘ ਸਹੋਤਾ, ਰਾਜ ਕੁਮਾਰ, ਸੰਤੋਖ ਰਾਮ ਅਤੇ ਅਰੁਣ ਗਿੱਲ ਸਮੇਤ ਹੋਰ ਆਗੂਆਂ ਨੇ ਸੰਬੋਧਨ ਕਰਦਿਆਂ ਪੰਜਾਬ ਸਰਕਾਰ ਦੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ।

# ਲੀਲ ਦੀ ਅਗਵਾਈ ਹੇਠ ਅਕਾਲੀ ਦਲ ਦੀ ਪੰਚਸ਼ੀਲ ਇਨਕਲੇਵ ਵਿਖੇ ਮੀਟਿੰਗ



ਲੁਧਿਆਣਾ, 7 ਮਈ (ਰਵਿੰਦਰ ਸਿੰਘ ਨਿੱਝਰ) : ਸ਼੍ਰੋਮਣੀ ਅਕਾਲੀ ਦਲ ਬੀ ਸੀ ਵਿੰਗ ਦੀ ਇਕ ਅਹਿਮ ਮੀਟਿੰਗ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਐਡਵੋਕੇਟ ਸੰਦੀਪ ਸਿੰਘ ਖੋਸਾ ਵੱਲੋਂ ਪੰਚਸ਼ੀਲ ਇਨਕਲੇਵ ਫਿਰੋਜਪੁਰ ਰੋਡ ਵਿਖੇ ਸ਼੍ਰੋਮਣੀ ਅਕਾਲੀ ਦਲ ਬੀ ਸੀ ਵਿੰਗ ਦੇ ਸਹਿਰੀ ਪ੍ਰਧਾਨ ਗੁਰਦੀਪ ਸਿੰਘ ਲੀਲ ਦੀ ਅਗਵਾਈ ਹੇਠ ਇੱਕ ਵਿਸਾਲ ਮੀਟਿੰਗ ਕਰਵਾਈ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਸ਼੍ਰੋਮਣੀ ਅਕਾਲੀ ਦਲ ਬੀ ਸੀ ਵਿੰਗ ਦੇ ਕੌਮੀ ਪ੍ਰਧਾਨ ਹੀਰਾ ਸਿੰਘ ਗਾਬੜੀਆ ਪਹੁੰਚੇ ਅਤ ਵਿਸ਼ੇਸ਼ ਤੌਰ ਤੇ ਹਲਕਾ ਪੱਛਮੀ ਦੇ ਇੰਚਾਰਜ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ, ਸਾਬਕਾ ਸੰਸਦੀ ਸਕੱਤਰ ਬਿਕਰਮਜੀਤ ਸਿੰਘ ਖਾਲਸਾ , ਯੂਥ ਆਗੂ ਜਸਦੀਪ ਸਿੰਘ ਕਾਉਂਕੇ ,ਸੀਨੀਅਰ ਅਕਾਲੀ ਆਗੂ ਜਥੇਦਾਰ ਨਛੱਤਰ ਸਿੰਘ ਸਿੱਧੂ, ਸਾਬਕਾ ਸਰਪੰਚ ਹਰੀ ਓਮ ਸਰਮਾ ਸਾਮਲ ਹੋਏ ।ਮੀਟਿੰਗ ਵਿੱਚ ਜੱਸਾ ਸਿੰਘ ਰਾਮਗੜ੍ਹੀਆ ਜੀ ਦੇ ਜਨਮ ਦਿਹਾੜੇ ਨੂੰ ਮਨਾਉਣ ਸਬੰਧੀ ਸ਼੍ਰੋਮਣੀ ਅਕਾਲੀ ਦਲ ਬੀ.ਸੀ. ਵਿੰਗ ਦੇ ਪ੍ਰਧਾਨ ਜਥੇਦਾਰ ਹੀਰਾ ਸਿੰਘ ਗਾਬੜੀਆ ਨੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ 10 ਮਈ ਨੂੰ ਦੁਪਹਿਰ 2 ਵਜੇ ਦਾਣਾ ਮੰਡੀ, ਗਿੱਲ ਰੋਡ, ਲੁਧਿਆਣਾ ਵਿਖੇ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਉਚੇਚੇ ਤੌਰ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ, ਸਾਬਕਾ ਮੰਤਰੀ ਡਾਕਟਰ ਦਲਜੀਤ ਸਿੰਘ ਚੀਮਾ, ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਤੋ ਇਲਾਵਾ ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਪਹੁੰਚ ਰਹੀ ਹੈ ਇਸ ਮੀਟਿੰਗ ਨੂੰ ਸਾਬਕਾ ਸੰਸਦੀ ਸਕੱਤਰ ਬਿਕਰਮਜੀਤ ਸਿੰਘ ਖਾਲਸਾ ਨੇ ਕਿਹਾ ਕਿ ਪੰਜਾਬ ਦੀ ਧਰਤੀ ਜੋਧੇ ਜਰਨੈਲਾ ਦੀ ਧਰਤੀ ਹੈ ਜਿਹੜੀਆ ਕੋਮਾ ਆਪਣੇ ਵਿਰਸੇ ਨੂੰ ਤੇ ਇਤਿਹਾਸ ਨੂੰ ਯਾਦ ਰੱਖਦੀਆ ਨੇ ਉਹ ਕੋਮਾ ਹਮੇਸ਼ਾ ਤਰੱਕੀ ਕਰਦੀਆ ਨੇ ਇਸ ਸਮੇ ਹਲਕਾ ਪੱਛਮੀ ਦੇ ਇੰਚਾਰਜ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਨੇ ਕਿਹਾ ਇਸ ਰੈਲੀ ਨੇ ਆਉਣ ਵਾਲੀਆ ਵਿਧਾਨ ਸਭਾ ਚੋਣਾਂ ਲਈ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਉਣ ਲਈ ਮੁੱਢ ਬੰਨਣਾ ਅੱਜ ਪੰਜਾਬ ਦੇ ਅੰਦਰ ਸ਼੍ਰੋਮਣੀ ਅਕਾਲੀ ਦਲ ਦੇ ਹੱਕ ਚ ਲਹਿਰ ਚੱਲ ਰਹੀ ਹੈ ਪੰਜਾਬ ਦੇ ਲੋਕ ਸ ਸੁਖਬੀਰ ਸਿੰਘ ਬਾਦਲ ਜੀ ਨੂੰ ਆਪਣਾ ਮੁੱਖ ਮੰਤਰੀ ਚਾਹੁੰਦੇ ਹਨ ਆਉ 10 ਮਈ ਸਿੱਖ ਯੋਧੇ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਜੀ ਦੇ ਜਨਮ ਦਿਹਾੜੇ ਤੇ ਗਿੱਲ ਰੋਡ ਦਾਣਾ ਮੰਡੀ ਵਿੱਖੇ ਆਪਣੇ ਸਾਥੀਆਂ ਨਾਲ ਪਹੁੰਚੀਏ ਆਪਣੀ ਲੀਡਰਸ਼ਿਪ ਦੇ ਵਿਚਾਰ ਸੁਣੀਏ ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਯੂਥ ਆਗੂ ਜਸਦੀਪ ਸਿੰਘ ਕਾਉਕੇ ਨੇ ਨੌਜਵਾਨਾ ਦਾ ਵੱਡਾ ਕਾਫ਼ਲਾ ਰੈਲੀ ਚ ਪਹੁੰਚੇਗਾ ਸੰਦੀਪ ਸਿੰਘ ਖੋਸਾ ਨੇ ਸਭ ਨੂੰ ਜੀ ਆਇਆਂ ਕਿਹਾ ਅੱਜ ਦੀ ਮੀਟਿੰਗ ਚ ਪਹੁੰਚੀਆ ਸਮੁੱਚੀਆ ਸਖਸੀਅਤਾਂ ਦਾ ਤੇ ਸੰਗਤਾਂ ਦਾ ਗੁਰਦੀਪ ਸਿੰਘ ਲੀਲ ਵੱਲੋਂ ਧੰਨਵਾਦ ਕੀਤਾ ਗਿਆ ਤੇ ਸਮੁੱਚੀ ਪਹੁੰਚੀ ਲੀਡਰਸ਼ਿਪ ਦਾ ਸਨਮਾਨ ਕੀਤਾ 'ਤੇ ਪਹੁੰਚੀ ਸਮੁੱਚੀ ਲੀਡਰਸ਼ਿਪ ਨੂੰ ਲੀਲ ਤੇ ਖੋਸਾ ਨੇ ਵਿਸ਼ਵਾਸ ਦਿਵਾਇਆ ਕਿ ਵੱਡੇ ਕਾਫਲੇ ਦੇ ਰੂਪ ਚ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਪਹੁੰਚਣਗੇ ।

# ਸਿੱਧੂ ਅਤੇ ਗੋਗਾ ਵੱਲੋਂ ਵਾਰਡ ਨੰ. 44 ਵਿੱਚ ਗਲ਼ੀਆਂ ਬਣਾਉਣ ਦਾ ਉਦਘਾਟਨ



ਲੁਧਿਆਣਾ, 7 ਮਈ (ਰਵਿੰਦਰ ਸਿੰਘ ਨਿੱਝਰ) : ਹਲਕਾ ਆਤਮ ਨਗਰ ਦੇ ਵਾਰਡ ਨੰਬਰ 44 ਵਿਖੇ ਗਲੀਆਂ ਬਣਾਉਣ ਦੇ 25 ਲੱਖ ਦੇ ਕੰਮ ਦਾ ਉਦਘਾਟਨ ਵਿਧਾਇਕ ਕੁਲਵੰਤ ਸਿੰਘ ਸਿੱਧੂ ਅਤੇ ਇਲਾਕਾ ਕੌਂਸਲਰ ਸੋਹਣ ਸਿੰਘ ਗੋਗਾ ਵੱਲੋਂ ਕੀਤਾ ਗਿਆ। ਇਸ ਸਬੰਧੀ ਵਿਧਾਇਕ ਨੇ ਕਿਹਾ ਕਿ ਇਹ ਕੰਮ ਸਾਡੇ ਕੋਟੇ 'ਚੋਂ ਹੋਣ ਜਾ ਰਿਹਾ ਹੈ ਤੇ ਜਨਤਾ ਨਗਰ ਇਲਾਕੇ ਦੀਆਂ ਸੀਮੈਂਟ ਵਾਲੀਆਂ ਗਲੀਆਂ ਬਣਨ ਜਾ ਰਹੀਆਂ ਹਨ। ਗੋਗਾ ਨੇ ਦੱਸਿਆ ਕਿ ਇਹ ਕੰਮ ਪੂਰਾ ਹੋਣ ਨਾਲ ਵਾਰਡ ਦੀਆ ਗਲੀਆਂ ਪੱਕੀਆਂ ਹੋ ਜਾਣਗੀਆਂ ਤੇ ਰਹਿੰਦੀਆਂ ਗਲੀਆਂ ਅਗਲੇ ਮਹੀਨਿਆਂ ਦੇ ਅੰਦਰ- ਅੰਦਰ ਪੂਰੀਆਂ ਹੋ ਜਾਣਗੀਆਂ। ਵਾਰਡ ਦੀ ਕੋਈ ਵੀ ਗਲੀ ਕੱਚੀ ਨਹੀਂ ਰਹੇਗੀ ਤੇ ਵੋਟਾਂ ਲੈਣ ਸਮੇਂ ਕੀਤੇ ਇੱਕ- ਇੱਕ ਵਾਅਦੇ ਨੂੰ ਪੂਰਾ ਕੀਤਾ ਜਾ ਰਿਹਾ ਹੈ। ਪਾਣੀ ਦੀ ਕਮੀ ਦੂਰ ਕਰਨ ਲਈ ਪਹਿਲਾਂ ਹੀ ਨਵੇਂ ਪੰਜ ਟਿਊਬਵੈੱਲ ਲਗਾਏ ਹਨ ਅਤੇ ਦੋ ਡਿਸਪੈਂਸਰੀਆਂ ਵੀ ਬਣਾਈਆਂ ਜਾ ਚੁੱਕੀਆਂ ਹਨ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਪਾਰਟੀ ਦੇ ਵਿਚਾਰ ਅਤੇ ਕਾਰਜ ਘਰ-ਘਰ ਤੱਕ ਪਹੁੰਚਾਏ ਜਾਣ ਤਾਂ ਜੋ 2027 ਦੀਆਂ ਚੋਣਾਂ 'ਚ ਆਮ ਆਦਮੀ ਪਾਰਟੀ ਨੂੰ ਦੁਬਾਰਾ ਭਾਰਪੂਰ ਸਮਰਥਨ ਮਿਲੇ। ਇਸ ਮੌਕੇ ਭਾਈ ਕੁਲਵੀਰ ਸਿੰਘ , ਰਜਿੰਦਰ ਸਿੰਘ ਸਰਹਾਲੀ, ਪਰਮਜੀਤ ਸਿੰਘ, ਹਰਮੀਤ ਸਿੰਘ ਭਾਟੀਆ, ਵਾਰਡ ਪ੍ਰਧਾਨ ਸਾਗਰ , ਆਕਾਸ਼ ਵਰਮਾ , ਬਲਜੀਤ ਸਿੰਘ , ਹਰਮੇਜ ਸਿੰਘ , ਹਰਮੇਸ਼ , ਸਤਵੰਤ ਸਿੰਘ ਮਠਾੜੂ , ਗੈਰੀ ਸੱਗੂ ,ਹਰਪ੍ਰੀਤ ਸੰਨੀ , ਮਹਿੰਦਰ ਸਿੰਘ , ਅਮਰੀਕ ਸਿੰਘ , ਕੁਲਵਿੰਦਰ ਕੌਰ ਗੋਗਾ ਸਾਬਕਾ ਕੌਂਸਲਰ ,ਸਤਨਾਮ ਸਿੰਘ , ਬਲਵਿੰਦਰ ਸਿੰਘ , ਨਰਿੰਦਰ ਸਿੰਘ ਮਠਾੜੂ , ਕਮਲਜੀਤ ਸਿੰਘ , ਹਰਦੀਪ ਸਿੰਘ ਗੁਰੂ ,ਪ੍ਰੇਮ ਸਿੰਘ , ਸਵਤਾਰ ਸਿੰਘ ਦਿਓਸੀ , ਅੰਮ੍ਰਿਤ ਪਾਲ ਸਿੰਘ , ਵਿਨੋਦ , ਜਸਵੰਤ ਸਿੰਘ , ਸੋਨੂੰ , ਅਮਰਿੰਦਰ ਸਿੰਘ , ਸੁਰਜੀਤ ਸਿੰਘ ,ਗੁਰਮੀਤ ਸਿੰਘ ਅਤੇ ਹਰਮੀਤ ਸਿੰਘ ਆਦਿ ਵੀ ਮੌਜੂਦ ਸਨ।

# ਪੁਲਿਸ ਤੇ ਪਬਲਿਕ ਦੀ ਸਾਂਝ ਨਾਲ ਨਸ਼ਿਆਂ ਤੇ ਅਪਰਾਧ 'ਤੇ ਲੱਗੇਗੀ ਰੋਕ : ਡੀ.ਆਈ.ਜੀ.



ਲੁਧਿਆਣਾ/ਖੰਨਾ, 7 ਮਈ (ਵਿਸ਼ਾਲ ਸ਼ਰਮਾ/ਸੰਜੀਵ ਲਹਿਲ) : ਲੋਕਾਂ ਨਾਲ ਸਿੱਧੀ ਸਾਂਝ ਮਜ਼ਬੂਤ ਬਣਾਉਣ ਅਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਦੇ ਮਕਸਦ ਨਾਲ ਡੀਆਈਜੀ (ਪੀਏਪੀ) ਇੰਦਰਬੀਰ ਸਿੰਘ ਅਤੇ ਐਸਐਸਪੀ ਖੰਨਾ ਡਾ. ਦਰਪਣ ਆਹਲੂਵਾਲੀਆ ਵੱਲੋਂ ਪਿੰਡ ਖੱਟੜਾ ਦਾ ਵਿਸ਼ੇਸ਼ ਦੌਰਾ ਕੀਤਾ ਗਿਆ। ਇਸ ਦੌਰੇ ਦੌਰਾਨ ਸੀਨੀਅਰ ਪੁਲਿਸ ਅਧਿਕਾਰੀਆਂ ਨੇ ਪਿੰਡ ਵਾਸੀਆਂ ਨਾਲ ਖੁੱਲ੍ਹੇ ਦਿਲ ਨਾਲ ਗੱਲਬਾਤ ਕੀਤੀ, ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਖੰਨਾ ਪੁਲਿਸ ਹਮੇਸ਼ਾ ਲੋਕਾਂ ਦੀ ਸੁਰੱਖਿਆ ਅਤੇ ਭਲਾਈ ਲਈ ਵਚਨਬੱਧ ਹੈ। ਇਸ ਦੌਰੇ ਦੌਰਾਨ ਸਭ ਤੋਂ ਖਾਸ ਗੱਲ ਇਹ ਰਹੀ ਕਿ ਬੱਚਿਆਂ ਅਤੇ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਫੁੱਟਬਾਲ ਵੰਡੇ ਗਏ। ਅਧਿਕਾਰੀਆਂ ਨੇ ਕਿਹਾ ਕਿ ਜੇਕਰ ਨੌਜਵਾਨ ਖੇਡਾਂ ਨਾਲ ਜੁੜੇ ਰਹਿਣਗੇ ਤਾਂ ਉਹ ਨਸ਼ਿਆਂ ਅਤੇ ਹੋਰ ਗਲਤ ਗਤੀਵਿਧੀਆਂ ਤੋਂ ਦੂਰ ਰਹਿਣਗੇ। ਇਸ ਉਪਰਾਲੇ ਦਾ ਮਕਸਦ ਪਿੰਡਾਂ ਦੇ ਖੇਡ ਮੈਦਾਨਾਂ ਅਤੇ ਜਨਤਕ ਥਾਵਾਂ ਨੂੰ ਨਸ਼ਾ ਮੁਕਤ ਬਣਾਉਣਾ ਹੈ ਤਾਂ ਜੋ ਬੱਚਿਆਂ ਅਤੇ ਨੌਜਵਾਨਾਂ ਨੂੰ ਇੱਕ ਸਿਹਤਮੰਦ ਮਾਹੌਲ ਮਿਲ ਸਕੇ। ਡੀਆਈਜੀ ਨੇ ਲੋਕਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਪੰਜਾਬ ਦਾ ਭਵਿੱਖ ਨੌਜਵਾਨ ਹਨ ਅਤੇ ਉਨ੍ਹਾਂ ਨੂੰ ਸਹੀ ਦਿਸ਼ਾ ਦੇਣਾ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਖੇਡਾਂ ਮਨੁੱਖ ਨੂੰ ਅਨੁਸ਼ਾਸਨ, ਸਿਹਤ ਅਤੇ ਟੀਮ ਭਾਵਨਾ ਸਿਖਾਉਂਦੀਆਂ ਹਨ। ਐਸਐਸਪੀ ਨੇ ਕਿਹਾ ਕਿ ਖੰਨਾ ਪੁਲਿਸ ਵੱਲੋਂ ਨਸ਼ਿਆਂ ਖਿਲਾਫ ਲਗਾਤਾਰ ਮੁਹਿੰਮ ਚਲਾਈ ਜਾ ਰਹੀ ਹੈ ਅਤੇ ਇਸ ਮੁਹਿੰਮ ਨੂੰ ਲੋਕਾਂ ਦੇ ਸਹਿਯੋਗ ਨਾਲ ਹੋਰ ਮਜ਼ਬੂਤ ਕੀਤਾ ਜਾ ਸਕਦਾ ਹੈ। ਡੀਆਈਜੀ ਅਤੇ ਐਸਐਸਪੀ ਦੇ ਇਸ ਦੌਰੇ ਨੇ ਇੱਕ ਵਾਰ ਫਿਰ ਇਹ ਸੰਦੇਸ਼ ਦਿੱਤਾ ਕਿ ਖੰਨਾ ਪੁਲਿਸ ਸਿਰਫ ਕਾਨੂੰਨ ਲਾਗੂ ਕਰਨ ਤੱਕ ਸੀਮਿਤ ਨਹੀਂ, ਸਗੋਂ ਲੋਕਾਂ ਨਾਲ ਮਿਲ ਕੇ ਸਮਾਜ ਵਿੱਚ ਚੰਗਾ ਮਾਹੌਲ ਬਣਾਉਣ ਲਈ ਵੀ ਪੂਰੀ ਤਰ੍ਹਾਂ ਸਰਗਰਮ ਹੈ। ਨਸ਼ਾ ਮੁਕਤ ਪੰਜਾਬ ਅਤੇ ਸਿਹਤਮੰਦ ਨੌਜਵਾਨ ਪੀੜ੍ਹੀ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਇਸ ਤਰ੍ਹਾਂ ਦੇ ਉਪਰਾਲੇ ਸਮੇਂ ਦੀ ਵੱਡੀ ਲੋੜ ਹਨ।

# ਰੇਤ ਖੱਡ ਵਿਵਾਦ ਮਾਮਲੇ 'ਚ ਠੇਕੇਦਾਰਾਂ ਨੇ ਬਲੈਕਮੇਲ ਕਰਨ ਦੇ ਲਗਾਏ ਦੋਸ਼



ਸਾਹਨੇਵਾਲ 7 ਮਈ (ਕੁਲਦੀਪ ਸਿੰਘ ਕੁਹਾੜਾ) : ਹਲਕਾ ਸਾਹਨੇਵਾਲ ਦੇ ਪਿੰਡ ਬੂਟ ਵਿਖੇ ਚੱਲ ਰਹੀ ਸਰਕਾਰੀ ਰੇਤ ਖੱਡ ਨੂੰ ਲੈ ਕੇ ਸਾਹਮਣੇ ਆ ਰਹੀਆਂ ਸ਼ਿਕਾਇਤਾਂ ਦੇ ਮਾਮਲੇ ਵਿੱਚ ਅੱਜ ਰੇਤ ਖੱਡ ਨਾਲ ਸੰਬੰਧਿਤ ਠੇਕੇਦਾਰਾਂ ਅਤੇ ਖੇਤ ਮਾਲਕਾਂ ਵੱਲੋਂ ਇੱਕ ਪ੍ਰੈਸ ਕਾਨਫਰੰਸ ਕਰਕੇ ਆਪਣਾ ਪੱਖ ਰੱਖਿਆ ਗਿਆ।

ਪ੍ਰੈਸ ਕਾਨਫਰੰਸ ਦੌਰਾਨ ਖੇਤ ਦੇ ਮਾਲਕ ਸਰਬਜੀਤ ਸਿੰਘ ਅਤੇ ਇਸ ਕਾਰੋਬਾਰ ਨਾਲ ਜੁੜੇ ਕਾਰੋਬਾਰੀਆ ਟਰੱਕਾਂ ਦੇ ਮਾਲਕਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕੁਝ ਪਿੰਡਾਂ ਦੇ ਸਰਪੰਚ ਅਤੇ ਹੋਰ ਲੋਕ ਆਪਣੇ ਲੈਟਰ ਪੈਡਾਂ ਰਾਹੀਂ ਪਿੰਡ ਵਾਸੀਆਂ ਦੇ ਨਾਂ 'ਤੇ ਮੁਫ਼ਤ ਰੇਤ ਦੀ ਮੰਗ ਕਰਦੇ ਰਹੇ ਹਨ। ਉਨ੍ਹਾਂ ਦੱਸਿਆ ਕਿ ਸ਼ੁਰੂਆਤੀ ਦੌਰ ਵਿੱਚ ਪਿੰਡਾਂ ਦੀ ਲੋੜ ਸਮਝਦੇ ਹੋਏ ਉਨ੍ਹਾਂ ਵੱਲੋਂ ਕਈ ਵਾਰ ਰੇਤ ਦੀਆਂ ਟਰਾਲੀਆਂ ਦਿੱਤੀਆਂ ਵੀ ਗਈਆਂ, ਪਰ ਹੁਣ ਜਦੋਂ ਮੁਫ਼ਤ ਰੇਤ ਦੇਣ ਤੋਂ ਮਨ੍ਹਾ ਕੀਤਾ ਗਿਆ ਤਾਂ ਉਨ੍ਹਾਂ ਖ਼ਿਲਾਫ਼ ਸ਼ਿਕਾਇਤਾਂ ਕਰਵਾਈਆਂ ਜਾਣ ਲੱਗ ਪਈਆਂ ਹਨ।

ਸਰਬਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਰੇਤ ਦਾ ਟੱਕ ਅਤੇ ਮਾਈਨਿੰਗ ਕੰਮ ਉਨ੍ਹਾਂ ਦੀ ਆਪਣੀ ਜ਼ਮੀਨ ਦੇ ਪਾਸ ਨੰਬਰਾਂ ਅੰਦਰ ਹੀ ਚੱਲ ਰਿਹਾ ਹੈ ਅਤੇ ਸਰਕਾਰੀ ਸ਼ਰਤਾਂ ਤੇ ਨਿਯਮਾਂ ਮੁਤਾਬਕ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਚਾਹੇ ਤਾਂ ਕਿਸੇ ਵੀ ਵੇਲੇ ਮੌਕੇ ਦੀ ਜਾਂਚ ਕਰ ਸਕਦਾ ਹੈ।

ਉਨ੍ਹਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਝੂਠੀਆਂ ਸ਼ਿਕਾਇਤਾਂ ਅਤੇ ਬਲੈਕਮੇਲਿੰਗ ਕਰਨ ਵਾਲੇ ਲੋਕਾਂ ਖ਼ਿਲਾਫ਼ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਰੇਤ ਖੱਡ ਨਾਲ ਜੁੜੇ ਲੋਕਾਂ ਨੂੰ ਬੇਵਜ੍ਹਾ ਤੰਗ ਕਰਨ ਤੋਂ ਰੋਕਿਆ ਜਾਵੇ।

ਪ੍ਰੈਸ ਕਾਨਫਰੰਸ ਦੌਰਾਨ ਖੱਡ ਨਾਲ ਜੁੜੇ ਹੋਰ ਵਿਅਕਤੀਆਂ ਨੇ ਵੀ ਕਿਹਾ ਕਿ ਉਹ ਸਰਕਾਰੀ ਨਿਯਮਾਂ ਅਨੁਸਾਰ ਕੰਮ ਕਰ ਰਹੇ ਹਨ ਅਤੇ ਕਿਸੇ ਵੀ ਤਰ੍ਹਾਂ ਦੀ ਗੈਰਕਾਨੂੰਨੀ ਮਾਈਨਿੰਗ ਨਹੀਂ ਕੀਤੀ ਜਾ ਰਹੀ।

# ਪਾਵਰਕਾਮ ਆਊਟ-ਸੋਰਸ ਠੇਕਾ ਕਾਮਿਆਂ ਵੱਲੋਂ ਬਿਜਲੀ ਮੰਤਰੀ ਦੀ ਕੋਠੀ ਅੱਗੇ ਰੋਸ ਧਰਨਾ



ਲੁਧਿਆਣਾ,7 ਮਈ (ਵਿਸ਼ਾਲ ਸ਼ਰਮਾ) : ਪਾਵਰਕਾਮ ਐਂਡ ਟਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਪੰਜਾਬ ਵੱਲੋਂ ਬਿਜਲੀ ਮੰਤਰੀ ਸੰਜੀਵ ਅਰੋੜਾ ਦੀ ਕੋਠੀ ਅੱਗੇ ਆਪਣੀਆਂ ਮੰਗਾਂ ਦੀ ਪੂਰਤੀ ਲਈ ਰੋਸ਼ ਧਰਨਾ ਦਿੱਤਾ ਗਿਆ। ਜਥੇਬੰਦੀ ਵੱਲੋਂ ਆਪਣੀ ਹੱਕੀ ਅਤੇ ਜਾਇਜ਼ ਮੰਗਾਂ ਦੀ ਪ੍ਰਾਪਤੀ ਲਈ ਲਗਾਤਾਰ ਸੰਘਰਸ਼ ਕੀਤਾ ਜਾ ਰਿਹਾ ਹੈ। ਅੱਜ ਦੇ ਧਰਨੇ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਬਲਿਹਾਰ ਸਿੰਘ ਕਟਾਰੀਆਂ, ਸੂਬਾ ਪ੍ਰਧਾਨ ਸ਼ੇਰ ਸਿੰਘ ਖੰਨਾ, ਸੂਬਾ ਜਨਰਲ ਸਕੱਤਰ ਰਾਜੇਸ਼ ਕੁਮਾਰ ਮੌੜ, ਸੂਬਾ ਸਹਾਇਕ ਸਕੱਤਰ ਟੇਕ ਚੰਦ, ਦਫਤਰੀ ਸਕੱਤਰ ਸ਼ੇਰ ਸਿੰਘ, ਪ੍ਰੈਸ ਸਕੱਤਰ ਇੰਦਰਪ੍ਰੀਤ ਸਿੰਘ ਨੇ ਸਾਂਝੇ ਤੌਰ 'ਤੇ ਕਿਹਾ ਕਿ ਸੰਘਰਸ਼ ਦੌਰਾਨ ਲਗਾਤਾਰ ਸਰਕਾਰ ਦੇ ਨਾਲ ਮੀਟਿੰਗਾਂ ਦਾ ਦੌਰ ਜਾਰੀ ਹੈ, ਪਰ ਪੰਜਾਬ ਸਰਕਾਰ ਮਸਲੇ ਨੂੰ ਲਮਾ ਕੇ ਰੱਖਣਾ ਚਾਹੁੰਦੀ ਹੈ। ਆਗੂਆਂ ਨੇ ਕਿਹਾ ਕਿ ਆਊਟਸੋਰਸ ਠੇਕਾ ਕਾਮਿਆਂ ਨੂੰ ਸਿੱਧਾ ਵਿਭਾਗ ਵਿੱਚ ਰੈਗੂਲਰ ਕਰਨ, ਘੱਟੋ ਘੱਟ ਗੁਜ਼ਾਰੇ ਯੋਗ ਤਨਖਾਹ 1948 ਜਾਂ 15ਵੀਂ ਲੇਬਰ ਕਾਨਫਰੰਸ ਤਹਿਤ ਲਾਗੂ ਕਰਨ, ਨਿੱਜੀਕਰਨ ਦੀ ਨੀਤੀ ਨੂੰ ਰੱਦ ਕਰਕੇ ਠੇਕੇਦਾਰੀ ਪ੍ਰਥਾ ਨੂੰ ਬੰਦ ਕਰਨ ਸਮੇਤ ਬਿਜਲੀ ਦਾ ਕਰੰਟ ਲੱਗਣ ਕਾਰਨ ਮੌਤ ਦੇ ਮੂੰਹ ਪਏ ਅਤੇ ਅਪੰਗ ਹੋਏ ਕਾਮਿਆ ਨੂੰ ਪੱਕੀ ਨੌਕਰੀ ਪੈਨਸ਼ਨ ਦੀ ਗਰੰਟੀ ਦੀ ਮੰਗ ਨੂੰ ਲੈ ਕੇ ਲਗਾਤਾਰ ਰੋਸ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਜਥੇਬੰਦੀਆਂ ਵੱਲੋਂ ਮੰਗ ਕੀਤੀ ਗਈ ਕਿ ਉਕਤ ਮੰਗਾ ਨੂੰ ਇੰਨਾਂ-ਬਿੰਨ ਲਾਗੂ ਕੀਤਾ ਜਾਵੇ। ਆਗੂਆਂ ਨੇ ਦੱਸਿਆ ਕਿ ਸਰਕਾਰ ਵੱਲੋਂ ਲਗਾਤਾਰ ਸੰਘਰਸ਼ ਦੌਰਾਨ ਮੀਟਿੰਗਾ ਦੇ ਕੇ ਮੁਲਤਵੀ ਕਰ ਦਿੱਤੀਆ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਕੈਬਨਿਟ ਮੰਤਰੀ ਸੰਜੀਵ ਅਰੋੜਾ ਵੱਲੋਂ ਨਿੱਜੀਕਰਨ ਦੀ ਨੀਤੀ ਨੂੰ ਲਾਗੂ ਕਰ ਨਵੀਆਂ ਕੰਪਨੀਆਂ ਅਤੇ ਵਿਭਾਗਾ ਅੰਦਰ ਨਵੇਂ ਟੈਂਡਰ ਨਿਯੁਕਤ ਕੀਤੇ ਜਾ ਰਹੇ ਹਨ, ਜਿਸ ਨੂੰ ਜੱਥੇਬੰਦੀ ਬਰਦਾਸ਼ਤ ਨਹੀਂ ਕਰੇਗੀ । ਆਗੂਆਂ ਨੇ ਕਿਹਾ ਕਿ ਪੁਰਾਣੀਆਂ ਕੰਪਨੀਆਂ ਵੱਲ ਕਰੋੜਾਂ ਰੁਪਏ ਦੇ ਪੁਰਾਣੇ ਪਏ ਬਕਾਏ ਜਾਰੀ ਨਹੀਂ ਕੀਤੇ ਗਏ ਪੁਰਾਣੇ ਠੇਕੇਦਾਰ ਅਤੇ ਕੰਪਨੀਆਂ ਵੱਲੋਂ ਠੇਕਾ ਕਾਮਿਆਂ ਦੀ ਅੰਨੀ ਲੁੱਟ ਕੀਤੀ ਜਾ ਰਹੀ ਹੈ । ਆਗੂਆਂ ਨੇ ਕਿਹਾ ਕਿ ਸਰਕਾਰ ਨੇ ਜੇਕਰ ਉਨ੍ਹਾਂ ਦੀਆਂ ਮੰਗਾਂ ਦੀ ਪੂਰਤੀ ਵੱਲ ਓਇ ਧਿਆਨ ਨਹੀਂ ਦਿੱਤਾ ਤਾਂ ਸੰਘਰਸ਼ ਤਿੱਖਾ ਕੀਤਾ ਜਾਵੇਗਾ । ਇਸ ਮੌਕੇ ਬਿਜਲੀ ਵਿਭਾਗ ਤੋਂ ਸੂਬਾ ਪ੍ਰਧਾਨ ਬਲਿਹਾਰ ਸਿੰਘ ਸੰਬੋਧਨ ਕਰਦਿਆ ਸਰਕਾਰ ਨੂੰ ਤਾੜਨਾ ਕੀਤੀ ਕਿ ਨਿੱਜੀਕਰਨ ਦੀ ਨੀਤੀ ਰੱਦ ਕਰ ਸਮੂਹ ਆਊਟ-ਸੋਰਸਿੰਗ ਕਾਮਿਆਂ ਨੂੰ ਪੱਕਾ ਕੀਤਾ ਅਤੇ ਘੱਟੋ ਘੱਟ ਗੁਜਾਰੇ ਯੋਗ ਤਨਖਾਹ ਲਾਗੂ ਕਰਨ, ਹਾਦਸਾ ਪੀੜਤ ਲਈ ਨੌਕਰੀ ਦਾ ਪ੍ਰਬੰਧ ਕਰਨ ਸਮੇਤ ਮੰਗ ਪੱਤਰ ਦਾ ਦਰਜ ਮੰਗਾਂ ਦਾ ਹੱਲ ਕੀਤਾ ਜਾਵੇ।

# ਤਿੰਨ ਦਿਨਾਂ ਮੁਫ਼ਤ ਐਕਿਊਪੰਚਰ ਅਤੇ ਹੋਮਿਓਪੈਥੀ ਜਾਂਚ ਕੈਂਪ ਅੱਜ ਤੋਂ



ਨਿਸ ਐਕਿਊਪੰਕਚਰ ਚੈਰੀਟੇਬਲ ਹਸਪਤਾਲ ਵੱਲੋਂ ਅੰਤਰਰਾਸ਼ਟਰੀ ਮਹਾਨ ਭਾਰਤੀ ਚਿਕਿਤਸਕ ਭਾਰਤ ਵਿੱਚ ਐਕਿਊਪੰਕਚਰ ਦੇ ਸੰਸਥਾਪਕ ਡਾ. ਵਿਜੈ ਕੁਮਾਰ ਬਸੁ ਨੂੰ ਸਮਰਪਿਤ ਤਿੰਨ ਦਿਨਾਂ ਮੁਫਤ ਐਕਿਊਪੰਕਚਰ ਅਤੇ ਹੋਮਿਓਪੈਥੀ ਕੈਂਪ 8, 9 ਅਤੇ 10 ਮਈ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਲਗਾਇਆ ਜਾ ਰਿਹਾ ਹੈ। ਡਾ ਇੰਦਰਜੀਤ ਨੇ ਦੱਸਿਆ ਕਿ ਇਹ ਕੈਂਪ ਅਰੋੜਾ ਮਾਰਕੀਟਿੰਗ, ਸਿਵਿਲ ਸਿਟੀ, ਮੇਨ ਰੋਡ, ਚੰਦਨ ਨਗਰ, ਲੁਧਿਆਣਾ ਵਿੱਚ ਲਗਾਇਆ ਜਾਵੇਗਾ। ਇਸ ਕੈਂਪ ਦਾ ਉਦਘਾਟਨ ਚੌਧਰੀ ਮਦਨ ਲਾਲ ਬੱਗਾ ਵਿਧਾਇਕ ਵੱਲੋਂ ਕੀਤਾ ਜਾਵੇਗਾ।ਕੈਂਪ ਵਿੱਚ ਨਰਿੰਦਰ ਭਾਰਦਵਾਜ ਕੌਂਸਲਰ ਅਤੇ ਰਾਜਕੁਮਾਰ ਸ਼ਰਮ ਡੰਡੀ ਸਵਾਮੀ ਵਾਲੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨਗੇ। ਇਸ ਮੌਕੇ ਡਾ. ਇੰਦਰਜੀਤ ਸਿੰਘ (ਡਾਇਰੈਕਟਰ ਡਾ. ਕੋਟਨੀਸ ਹਸਪਤਾਲ), ਹੋਮਿਓਪੈਥਿਕ ਵਿਸ਼ੇਸ਼ਗਿਆ ਡਾ. ਅਜੈ ਪਾਲ ਸਿੰਘ ਠਿੰਡ ਸੀਨੀਅਰ ਚਿਕਿਤਸਕ ਡਾ. ਰਘੁਵੀਰ ਸਿੰਘ (ਐਕਿਊਪੰਕਚਰਿਸਟ) ਅਤੇ ਡਾ. ਬਲਜਿੰਦਰ ਸਿੰਘ ਆਪਣੀਆਂ ਸੇਵਾਵਾਂ ਪ੍ਰਦਾਨ ਕਰਨਗੇ। ਕੈਂਪ ਵਿੱਚ ਬਿਨਾਂ ਦਵਾ, ਬਿਨਾਂ ਸਰਜਰੀ ਅਤੇ ਬਿਨਾਂ ਦਰਦ ਦੀ ਐਕਿਊਪੰਕਚਰ ਇਲਾਜ ਪੱਧਤੀ ਰਾਹੀਂ ਡਾਇਬਟੀਜ਼ (ਸ਼ੂਗਰ) ਨਾਲ ਸੰਬੰਧਿਤ ਸਮੱਸਿਆਵਾਂ, ਨਸਾਂ ਵਿੱਚ ਖਿੱਚਾਵ, ਨਿਊਰੋਪੈਥੀ, ਅੱਖਾਂ ਦੀ ਕਮਜ਼ੋਰੀ, ਕਮਰ ਦਰਦ, ਸਰਵਾਈਕਲ, ਸਪੌਂਡਿਲਾਈਟਿਸ, ਡਿਸਕ ਪ੍ਰੋਲੈਪਸ, ਜੋੜਾਂ ਅਤੇ ਘੁੱਟਣਾਂ ਦਾ ਦਰਦ, ਮਾਈਗ੍ਰੇਨ, ਅਨਿਦਰਾ, ਮਾਨਸਿਕ ਤਣਾਅ, ਲਕਵਾ, ਅਧਰੰਗ, ਪੁਰਾਣਾ ਜੁਕਾਮ, ਸਪੋਰਟਸ ਇੰਜਰੀ ਅਤੇ ਨਸ਼ਾ ਮੁਕਤੀ ਵਰਗੀਆਂ ਵੱਖ-ਵੱਖ ਬਿਮਾਰੀਆਂ ਦਾ ਇਲਾਜ ਕੀਤਾ ਜਾਵੇਗਾ। ਇਸ ਦੇ ਨਾਲ ਹੀ ਹੋਮਿਓਪੈਥਿਕ ਚਿਕਿਤਸਾ ਪੱਧਤੀ ਦੇ ਅਧੀਨ ਐਲਰਜੀ, ਚਮੜੀ ਰੋਗ, ਬੱਚਿਆਂ ਦੀਆਂ ਆਮ ਬਿਮਾਰੀਆਂ, ਪਚਣ ਸੰਬੰਧੀ ਸਮੱਸਿਆਵਾਂ, ਅਸਥਮਾ, ਸਾਈਨਸ, ਥਾਇਰਾਇਡ, ਜੋੜਾਂ ਦਾ ਦਰਦ ਪੁਰਾਣੀਆਂ ਬਿਮਾਰੀਆਂ ਲਈ ਵਿਸ਼ੇਸ਼ ਸਲਾਹ ਅਤੇ ਮੁਫਤ ਜਾਂਚ ਸਹੂਲਤ ਉਪਲੱਬਧ ਰਹੇਗੀ।

# ਸਾਹਨੇਵਾਲ ਮੇਨ ਬਾਜ਼ਾਰ 'ਚੋਂ ਨੋ ਐਂਟਰੀ ਹਟਾਉਣ ਨਾਲ ਫਿਰ ਵਧ ਸਕਦੈ ਜਾਮ ਤੇ ਹਾਦਸੇ, ਲੋਕਾਂ ਵਿੱਚ ਰੋਸ



ਸਾਹਨੇਵਾਲ, ਕੁਹਾੜਾ 7 ਮਈ (ਕੁਲਦੀਪ ਸਿੰਘ ਕੁਹਾੜਾ) : ਸਾਹਨੇਵਾਲ ਦੇ ਮੇਨ ਬਾਜ਼ਾਰ ਵਿੱਚੋ ਭਾਰੀ ਵਾਹਨਾਂ ਲਈ ਸਵੇਰੇ 7 ਵਜੇ ਤੋਂ ਸ਼ਾਮ 8 ਵਜੇ ਤੱਕ ਲਗਾਈ ਗਈ ਨੋ ਐਂਟਰੀ ਨੂੰ ਹਟਾਉਣ ਦੇ ਫੈਸਲੇ ਨੇ ਇਕ ਵਾਰ ਫਿਰ ਇਲਾਕੇ ਦੇ ਲੋਕਾਂ ਦੀਆਂ ਮੁਸ਼ਕਿਲਾਂ ਵਧਾ ਦਿੱਤੀਆਂ ਹਨ। ਇਹ ਨੋ ਐਂਟਰੀ ਕਰੀਬ ਡੇਢ ਮਹੀਨਾ ਪਹਿਲਾਂ ਲਗਾਈ ਗਈ ਸੀ, ਜਿਸ ਨਾਲ ਬਾਜ਼ਾਰ ਵਿੱਚ ਲੱਗਦੇ ਭਾਰੀ ਜਾਮ ਅਤੇ ਸੜਕੀ ਹਾਦਸਿਆਂ 'ਤੇ ਕਾਫੀ ਹੱਦ ਤੱਕ ਕਾਬੂ ਪਾਇਆ ਗਿਆ ਸੀ ਅਤੇ ਆਮ ਲੋਕਾਂ ਨੂੰ ਵੱਡੀ ਰਾਹਤ ਮਿਲੀ ਸੀ।

ਪਰੰਤੂ 1 ਮਈ ਤੋਂ ਡੇਹਲੋਂ ਰੋਡ ਉਤੇ ਬਣੇ ਬਾਈਪਾਸ 'ਤੇ ਪਾਣੀ ਵਾਲੇ ਪਾਈਪ ਪਾਉਣ ਅਤੇ ਬਿਜਲੀ ਦੇ ਖੰਭਿਆਂ ਨੂੰ ਸਾਈਡ 'ਤੇ ਕਰਨ ਦੇ ਚੱਲ ਰਹੇ ਕੰਮਾਂ ਨੂੰ ਧਿਆਨ ਵਿੱਚ ਰੱਖਦਿਆਂ ਪ੍ਰਸ਼ਾਸਨ ਵੱਲੋਂ ਇਹ ਨੋ ਐਂਟਰੀ ਅਗਲੇ 2 ਮਹੀਨਿਆਂ ਲਈ ਹਟਾਉਣ ਦਾ ਫੈਸਲਾ ਲਿਆ ਗਿਆ ਹੈ। ਇਸ ਫੈਸਲੇ ਦੇ ਤੁਰੰਤ ਬਾਅਦ ਹੀ ਮੇਨ ਬਾਜ਼ਾਰ ਵਿੱਚ ਮੁੜ ਭਾਰੀ ਜਾਮ ਲੱਗਣੇ ਸ਼ੁਰੂ ਹੋ ਗਏ ਹਨ।

ਸਥਾਨਕ ਨਿਵਾਸੀਆਂ ਅਤੇ ਦੁਕਾਨਦਾਰਾਂ ਨੇ ਦੱਸਿਆ ਕਿ ਪਹਿਲਾਂ ਨੋ ਐਂਟਰੀ ਕਾਰਨ ਬਾਜ਼ਾਰ ਵਿੱਚ ਆਵਾਜਾਈ ਸੁਚਾਰੂ ਚੱਲ ਰਹੀ ਸੀ ਅਤੇ ਸਕੂਲ ਜਾਣ ਵਾਲੇ ਬੱਚਿਆਂ ਨੂੰ ਵੀ ਸੁਰੱਖਿਅਤ ਰਸਤਾ ਮਿਲ ਰਿਹਾ ਸੀ। ਪਰ ਹੁਣ ਫਿਰ ਤੋਂ ਭਾਰੀ ਵਾਹਨਾਂ ਦੀ ਆਵਾਜਾਈ ਕਾਰਨ ਜਾਮ ਲੱਗਣ ਲੱਗ ਪਏ ਹਨ, ਜਿਸ ਨਾਲ ਨਾ ਸਿਰਫ ਆਮ ਲੋਕਾਂ ਨੂੰ ਸਖਤ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਸਗੋਂ ਹਾਦਸਿਆਂ ਦਾ ਖਤਰਾ ਵੀ ਵਧ ਗਿਆ ਹੈ।

ਖਾਸ ਕਰਕੇ ਗਰਮੀ ਦੇ ਇਸ ਮੌਸਮ ਵਿੱਚ ਜਾਮ ਵਿੱਚ ਫਸੇ ਰਹਿਣ ਕਾਰਨ ਬੱਚਿਆਂ, ਬਜ਼ੁਰਗਾਂ ਅਤੇ ਮਹਿਲਾਵਾਂ ਨੂੰ ਵੱਡੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲੋਕਾਂ ਦਾ ਕਹਿਣਾ ਹੈ ਕਿ ਜਾਮ ਕਾਰਨ ਐਮਰਜੈਂਸੀ ਵਾਹਨਾਂ ਦੀ ਰਵਾਨਗੀ ਵੀ ਪ੍ਰਭਾਵਿਤ ਹੋ ਰਹੀ ਹੈ, ਜੋ ਕਿਸੇ ਵੀ ਵੇਲੇ ਵੱਡੇ ਹਾਦਸੇ ਦਾ ਕਾਰਨ ਬਣ ਸਕਦੀ ਹੈ।

ਲੋਕਾਂ ਦੀ ਪ੍ਰਸ਼ਾਸਨ ਨੂੰ ਅਪੀਲ : ਇਲਾਕਾ ਵਾਸੀਆਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਜਿੱਥੇ ਡੇਹਲੋਂ ਰੋਡ 'ਤੇ ਕੰਮ ਚੱਲ ਰਿਹਾ ਹੈ, ਸਿਰਫ ਉਸ ਪਾਸੇ ਤੋਂ ਹੀ ਨੋ ਐਂਟਰੀ ਵਿੱਚ ਢਿੱਲ ਦਿੱਤੀ ਜਾਵੇ, ਜਦ ਕਿ ਕੁਹਾੜਾ ਸਾਇਡ, ਦਿੱਲੀ ਸਾਇਡ ਅਤੇ ਲੁਧਿਆਣਾ ਸਾਇਡ ਤੋਂ ਆਉਣ ਵਾਲੇ ਭਾਰੀ ਵਾਹਨਾਂ 'ਤੇ ਪੁਰਾਣੀ ਤਰ੍ਹਾਂ ਨੋ ਐਂਟਰੀ ਲਾਗੂ ਕੀਤੀ ਜਾਵੇ। ਲੋਕਾਂ ਦਾ ਕਹਿਣਾ ਹੈ ਕਿ ਜੇਕਰ ਸਮੇਂ ਸਿਰ ਇਹ ਫੈਸਲਾ ਨਾ ਬਦਲਿਆ ਗਿਆ ਤਾਂ ਜਾਮ ਅਤੇ ਹਾਦਸਿਆਂ ਦੀ ਸਮੱਸਿਆ ਹੋਰ ਵੀ ਗੰਭੀਰ ਹੋ ਸਕਦੀ ਹੈ।

# ਲੋਕ ਗਾਇਕ ਜਗਦੇਵ ਖ਼ਾਨ ਦਾ ਨਵਾਂ ਗੀਤ 'ਜ਼ਮੀਨ ਵਾਂਗਰਾਂ' ਰਿਲੀਜ਼



ਲੁਧਿਆਣਾ, 7 ਮਈ ( ਰਵਿੰਦਰ ਸਿੰਘ ਨਿੱਝਰ ) ਉੱਘੇ ਪੰਜਾਬੀ ਲੋਕ ਗਾਇਕ ਜਗਦੇਵ ਖਾਨ ਨਵਾਂ ਸਿੰਗਲ ਟ੍ਰੈਕ 'ਜ਼ਮੀਨ ਵਾਂਗਰਾਂ' ਨੂੰ ਅੱਜ ਪੰਜਾਬੀ ਸੰਗੀਤਕ ਕੰਪਨੀ ਜ਼ੀਆ ਪ੍ਰੋਡਕਸ਼ਨ ਵੱਲੋਂ ਵਰਲਡ ਵਾਈਡ ਰਿਲੀਜ਼ ਕਰ ਦਿੱਤਾ ਗਿਆ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਗਾਇਕ ਜਗਦੇਵ ਖਾਨ ਨੇ ਦੱਸਿਆ ਕਿ ਇਹ ਗੀਤ ਇੱਕ ਪਤਨੀ ਦੀਆਂ ਫ਼ਰਮਾਇਸ਼ਾਂ ਨਾ ਪੂਰੀਆਂ ਕਰਨ ਦੇ ਜ਼ੋਰਦਾਰ ਉਲਾਂਭੇ ਦਾ ਇੱਕ ਪਤੀ ਵੱਲੋਂ ਦਿੱਤਾ ਠੋਕਵਾਂ ਭਰੋਸਾ ਦਰਸਾਉਂਦਾ ਹੈ, ਜਿਸ ਨੂੰ ਗੀਤਕਾਰ ਵਿੱਕੀ ਅਜਨੋਹਾ ਨੇ ਬੇਹੱਦ ਖ਼ੂਬਸੂਰਤੀ ਨਾਲ ਲਿਖਿਆ ਹੈ। ਉਹਨਾਂ ਦੱਸਿਆ ਕਿ ਕੀਰਤੀ ਮਿਊਜ਼ਿਕ ਸਟੂਡੀਓ ਵੱਲੋਂ ਸੰਗੀਤਕ ਧੁਨਾਂ ਨਾਲ ਸ਼ਿੰਗਾਰੇ ਇਸ ਗੀਤ ਦਾ ਵੀਡੀਓ ਉੱਘੇ ਵੀਡੀਓ ਡਾਇਰੈਕਟਰ ਸੋਨੀ ਸੋਹਲ ਨੇ ਤਿਆਰ ਕੀਤਾ ਹੈ। ਉਹਨਾਂ ਸਮੂਹ ਸੰਗੀਤ ਪ੍ਰੇਮੀਆਂ ਨੂੰ ਉਹਨਾਂ ਦੇ ਪਹਿਲੇ ਰਿਲੀਜ਼ ਹੋਏ ਗੀਤਾਂ ਨੂੰ ਦਿੱਤੇ ਸਹਿਯੋਗ ਦਾ ਧੰਨਵਾਦ ਕਰਦਿਆਂ ਇਸ ਗੀਤ ਨੂੰ ਵੀ ਭਰਵਾਂ ਸਹਿਯੋਗ ਦੇਣ ਦੀ ਅਪੀਲ ਕੀਤੀ। ਇਸ ਮੌਕੇ ਉਹਨਾਂ ਤੋਂ ਇਲਾਵਾ ਗਾਇਕ ਪਰਗਟ ਖਾਨ, ਹਰਜੀਤ ਸਿੰਘ ਫੂਲਕਾ, ਗੁਰਪ੍ਰੀਤ ਸਿੰਘ ਗਰੇਵਾਲ, ਆਦਿ ਸਮੇਤ ਕਈ ਸ਼ਖ਼ਸੀਅਤਾਂ ਹਾਜ਼ਰ ਸਨ।

# ਜਥੇਦਾਰ ਹਰਭਜਨ ਸਿੰਘ ਡੰਗ ਦੀ ਤੀਸਰੀ ਬਰਸੀ ਮਨਾਈ



ਲੁਧਿਆਣਾ, 7 ਮਈ (ਰਵਿੰਦਰ ਸਿੰਘ ਨਿੱਝਰ) : ਜ਼ਿਲ੍ਹਾ ਅਕਾਲੀ ਜਥੇ ਦੇ ਸਾਬਕਾ ਪ੍ਰਧਾਨ ਸਵ: ਜਥੇਦਾਰ ਹਰਭਜਨ ਸਿੰਘ ਡੰਗ ਦੀ ਤੀਸਰੀ ਵਰਸੀ ਗੁਰਦੁਆਰਾ ਸਿੰਘ ਸਭਾ, ਮਾਡਲ ਟਾਊਨ ਐਕਸਟੈਂਸ਼ਨ ਵਿਖੇ ਸ਼ਰਧਾ ਤੇ ਸਤਿਕਾਰ ਸਹਿਤ ਮਨਾਈ ਗਈ। ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ । ਉਪਰੰਤ ਭਾਈ ਜੋਧਵੀਰ ਸਿੰਘ ਦੇ ਜਥੇ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ। ਇਸ ਮੌਕੇ ਸੰਬੋਧਨ ਕਰਦਿਆਂ ਸੀਨੀਅਰ ਅਕਾਲੀ ਨੇਤਾ ਮਹੇਸ਼ਇੰਦਰ ਸਿੰਘ ਗਰੇਵਾਲ ਨੇ ਆਖਿਆ ਕਿ ਜਥੇਦਾਰ ਹਰਭਜਨ ਸਿੰਘ ਡੰਗ ਸਾਦਾ ਜੀਵਨ ਜਿਉਣ ਵਾਲੇ ਬਹੁਤ ਹੀ ਸੂਝਵਾਨ ਅਤੇ ਸਿਆਣੇ ਪੰਥਕ ਨੇਤਾ ਸਨ। ਉਹ ਗਰੀਬ ਅਤੇ ਅਮੀਰ ਦਾ ਹਰ ਕੰਮ ਬਿਨਾਂ ਭੇਦ ਭਾਵ ਤੋਂ ਕਰਦੇ ਸਨ। ਆਮ ਤੌਰ ਤੇ ਕੌਂਸਲਰ ਇੱਕ ਜਾਂ ਦੋ ਵਾਰ ਹੀ ਜਿੱਤਦੇ ਹਨ ਕੋਈ ਕੋਈ ਹੀ ਇਸ ਤੋਂ ਵੱਧ ਵਾਰ ਜਿੱਤਦਾ ਹੈ ਪ੍ਰੰਤੂ ਜਥੇਦਾਰ ਡੰਗ ਤਕਰੀਬਨ ਛੇ ਵਾਰ ਕੌਂਸਲਰ ਬਣੇ। ਇਹ ਆਮ ਲੋਕਾਂ ਪ੍ਰਤੀ ਉਹਨਾਂ ਦੇ ਪਿਆਰ ਦਾ ਸਭ ਤੋਂ ਵੱਡਾ ਸਬੂਤ ਹੈ। ਇਸ ਮੌਕੇ ਪ੍ਰਬੰਧਕ ਕਮੇਟੀ ਅਤੇ ਪੰਥਕ ਨੇਤਾਵਾਂ ਵੱਲੋਂ ਜਥੇਦਾਰ ਡੰਗ ਦੇ ਪਰਿਵਾਰਿਕ ਮੈਂਬਰਾਂ ਸੁਰਜੀਤ ਕੌਰ ਡੰਗ, ਹਰਪ੍ਰੀਤ ਸਿੰਘ ਡੰਗ, ਦਵਿੰਦਰ ਸਿੰਘ ਗੋਲਡੀ ਅਤੇ ਸਰਬਜੋਤ ਸਨੀ ਨੂੰ ਸਿਰੋਪਾਓ ਭੇਟ ਕੀਤੇ ਗਏ।ਸਮਾਗਮ ਵਿੱਚ ਸਾਬਕਾ ਮੰਤਰੀ ਸ਼ਰਨਜੀਤ ਸਿੰਘ ਢਿੱਲੋਂ, ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ, ਅਮਰਜੀਤ ਸਿੰਘ ਟਿੱਕਾ, ਕਮਲਜੀਤ ਸਿੰਘ ਕੜਵਲ, ਬਾਬਾ ਅਜੀਤ ਸਿੰਘ, ਹਰਚਰਨ ਸਿੰਘ ਗੋਹਲਵੜੀਆ, ਇੰਦਰਜੀਤ ਸਿੰਘ ਮੱਕੜ, ਰਖਵਿੰਦਰ ਸਿੰਘ ਗਾਬੜੀਆ, ਸੁਰਿੰਦਰ ਪਾਲ ਸਿੰਘ ਬਿੰਦਰਾ, ਸੁਖਵਿੰਦਰ ਸਿੰਘ ਸਰਨਾ, ਨਵਪ੍ਰੀਤ ਸਿੰਘ ਬਿੰਦਰਾ, ਹਰਪ੍ਰੀਤ ਸਿੰਘ ਰਾਜਧਾਨੀ, ਜਸਵਿੰਦਰ ਸੇਠੀ,ਜਤਿੰਦਰ ਸਿੰਘ ਖਾਲਸਾ, ਸੁਰਜੀਤ ਸਿੰਘ, ਗੁਰਦੀਪ ਕੌਰ, ਰਸ਼ਪਾਲ ਸਿੰਘ, ਪ੍ਰੀਤੀ ਅਰੋੜਾ, ਗਗਨਦੀਪ ਸਿੰਘ ਐਡਵੋਕੇਟ, ਦਲੀਪ ਸਿੰਘ ਖੁਰਾਣਾ, ਕਿਰਪਾਲ ਸਿੰਘ ਮਨੋਚਾ, ਚਰਨਜੀਤ ਸਿੰਘ ਮੌਟੀ ਸਚਦੇਵਾ, ਹਿਤੇਸ਼ ਇੰਦਰ ਸਿੰਘ ਗਰੇਵਾਲ, ਨਾਜਰ ਸਿੰਘ, ਮਨਵਿੰਦਰ ਸਿੰਘ ਲੱਕੀ, ਜਸਵਿੰਦਰ ਸਿੰਘ ਢਿੱਲੋਂ, ਅਮਨ ਸਿੰਘ, ਰਵਿੰਦਰ ਪਾਲ ਸਿੰਘ ਖਾਲਸਾ ਸਿੰਘ ਘੁੰਮਣ, ਅਮਿਤ ਗੁਸਾਈ, ਭੁਪਿੰਦਰ ਸਿੰਘ ਭਿੰਦਾ, ਤੇਜਾ ਸਿੰਘ ਖਾਲਸਾ, ਕਮਲ ਅਰੋੜਾ, ਸਵਰਨ ਸਿੰਘ ਮਹੌਲੀ, ਮਾਤਾ ਵਿਪਨਜੀਤ ਕੌਰ, ਬਾਬਾ ਓਂਕਾਰ ਦਾਸ, ਗੁਰਦੀਪ ਸਿੰਘ ਡੰਗ, ਹਰਪਾਲ ਸਿੰਘ ਖਾਲਸਾ, ਹਰਪਾਲ ਸਿੰਘ ਬਾਂਗਾ, ਕਮਲਦੀਪ ਸਿੰਘ ਬਹਿਲ, ਸਰਬਜੀਤ ਸਿੰਘ ਛਾਪਾ, ਇੰਦਰਜੀਤ ਸਿੰਘ ਗੋਲਾ, ਸੰਤੋਖ ਸਿੰਘ, ਕੁਲਦੀਪ ਸਿੰਘ ਦੀਪਾ ਜਸਦੀਪ ਸਿੰਘ ਕੌਂਕੇ ਬਲਜੀਤ ਸਿੰਘ ਛਤਵਾਲ, ਪਰਮਿੰਦਰ ਸੋਮਾ, ਸੁਰਿੰਦਰ ਭਟਿਆਣੀ, ਰਾਣੀ ਧਾਲੀਵਾਲ, ਪੂਨਮ ਅਰੋੜਾ, ਸੰਤੋਸ਼ ਰਾਣੀ, ਨੂਰਜੋਤ ਮੱਕੜ, ਆਦਿ ਨੇ ਵੀ ਸਮਾਗਮ ਵਿੱਚ ਹਾਜ਼ਰੀ ਭਰੀ।

# ਧਾਰਮਿਕ ਰੀਤੀ-ਰਿਵਾਜਾਂ 'ਤੇ ਸਵਾਲ ਉਠਾਉਣ ਨਾਲ ਧਰਮ ਤੇ ਸੱਭਿਅਤਾ ਦੇ ਟੁੱਟਣ ਦਾ ਹੋਵੇਗਾ ਖ਼ਤਰਾ : ਸੁਪਰੀਮ ਕੋਰਟ



ਨਵੀਂ ਦਿੱਲੀ, 7 ਮਈ (ਚ.ਨ.ਸ.): ਸੁਪਰੀਮ ਕੋਰਟ ਨੇ ਵੀਰਵਾਰ ਨੂੰ ਟਿੱਪਣੀ ਕੀਤੀ ਕਿ ਜੇਕਰ ਲੋਕ ਧਾਰਮਿਕ ਪ੍ਰਥਾਵਾਂ ਜਾਂ ਧਰਮ ਨਾਲ ਸਬੰਧਤ ਮਾਮਲਿਆਂ 'ਤੇ ਸੰਵਿਧਾਨਕ ਅਦਾਲਤ ਵਿੱਚ ਸਵਾਲ ਚੁੱਕਣਗੇ ਤਾਂ ਵੱਖ-ਵੱਖ ਰੀਤੀ-ਰਿਵਾਜ਼ਾਂ ਅਤੇ ਪਰੰਪਰਾਵਾਂ 'ਤੇ ਸਵਾਲ ਉਠਾਉਣ ਵਾਲੀਆਂ ਸੈਂਕੜੇ ਪਟੀਸ਼ਨਾਂ ਦਾਇਰ ਕੀਤੀਆਂ ਜਾਣਗੀਆਂ, ਜਿਸ ਨਾਲ ਧਰਮਾਂ ਅਤੇ ਸਭਿਅਤਾ ਦੇ ਟੁੱਟਣ ਦਾ ਖ਼ਤਰਾ ਪੈਦਾ ਹੋ ਜਾਵੇਗਾ। ਨੌਂ ਜੱਜਾਂ ਦੀ ਸੰਵਿਧਾਨਕ ਬੈਂਚ ਧਾਰਮਿਕ ਸਥਾਨਾਂ 'ਤੇ ਔਰਤਾਂ ਨਾਲ ਵਿਤਕਰੇ ਨਾਲ ਸਬੰਧਤ ਪਟੀਸ਼ਨਾਂ 'ਤੇ ਸੁਣਵਾਈ ਕਰ ਰਹੀ ਹੈ। ਇਨ੍ਹਾਂ ਵਿੱਚ ਕੇਰਲ ਦੇ ਸਬਰੀਮਾਲਾ ਮੰਦਰ ਨਾਲ ਸਬੰਧਤ ਮਾਮਲਾ ਵੀ ਸ਼ਾਮਲ ਹੈ। ਇਸ ਦੇ ਨਾਲ ਹੀ, ਬੈਂਚ ਦਾਊਦੀ ਬੋਹਰਾ ਭਾਈਚਾਰੇ ਸਮੇਤ ਵੱਖ-ਵੱਖ ਧਰਮਾਂ ਦੁਆਰਾ ਅਪਣਾਈ ਜਾਂਦੀ ਧਾਰਮਿਕ ਆਜ਼ਾਦੀ ਦੀ ਹੱਦ ਅਤੇ ਦਾਇਰੇ 'ਤੇ ਵੀ ਵਿਚਾਰ ਕਰ ਰਿਹਾ ਹੈ। ਬੈਂਚ ਵਿੱਚ ਚੀਫ਼ ਜਸਟਿਸ ਸੂਰਿਆ ਕਾਂਤ, ਜਸਟਿਸ ਬੀ.ਵੀ. ਨਾਗਰਥਨਾ, ਜਸਟਿਸ ਐਮ.ਐਮ. ਸੁੰਦਰੇਸ਼, ਜਸਟਿਸ ਅਹਿਸਾਨੂਦੀਨ ਅਮਾਨਉੱਲਾ, ਜਸਟਿਸ ਅਰਵਿੰਦ ਕੁਮਾਰ, ਜਸਟਿਸ ਆਗਸਟੀਨ ਜਾਰਜ ਮਸੀਹ, ਜਸਟਿਸ ਪ੍ਰਸੰਨਾ ਬੀ. ਵਰਾਲੇ, ਜਸਟਿਸ ਆਰ. ਮਹਾਦੇਵਨ ਅਤੇ ਜਸਟਿਸ ਜੋਏਮਲਿਆ ਬਾਗਚੀ ਸ਼ਾਮਲ ਸਨ। ਦਾਊਦੀ ਬੋਹਰਾ ਭਾਈਚਾਰੇ ਦੇ ਕੇਂਦਰੀ ਬੋਰਡ ਨੇ 1986 ਵਿੱਚ ਇੱਕ ਜਨਹਿਤ ਪਟੀਸ਼ਨ ਦਾਇਰ ਕਰਕੇ 1962 ਦੇ ਉਸ ਫੈਸਲੇ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ ਸੀ, ਜਿਸ ਨੇ ਬੰਬੇ ਪ੍ਰੀਵੈਂਸ਼ਨ ਆਫ ਐਕਸਕਲੂਜ਼ਨ ਐਕਟ,1949 ਨੂੰ ਰੱਦ ਕਰ ਦਿੱਤਾ ਸੀ। ਇਸ ਕਾਨੂੰਨ ਦੇ ਤਹਿਤ ਭਾਈਚਾਰੇ ਦੇ ਕਿਸੇ ਵੀ ਮੈਂਬਰ ਦਾ ਬਹਿਸ ਕਰਨਾ ਗੈਰ-ਕਾਨੂੰਨੀ ਸੀ। ਸੰਵਿਧਾਨ ਬੈਂਚ ਦੇ 1962 ਦੇ ਫੈਸਲੇ ਵਿੱਚ ਕਿਹਾ ਗਿਆ,'ਦਾਊਦੀ ਬੋਹਰਾ ਭਾਈਚਾਰੇ ਦੇ ਧਾਰਮਿਕ ਵਿਸ਼ਵਾਸਾਂ ਅਤੇ ਸਿਧਾਂਤਾਂ ਤੋਂ ਇਹ ਸਪੱਸ਼ਟ ਹੈ ਕਿ ਧਾਰਮਿਕ ਆਧਾਰ 'ਤੇ ਇਸ ਦੇ ਧਾਰਮਿਕ ਮੁਖੀ ਦੁਆਰਾ ਛੇਕਣ ਦੀ ਸ਼ਕਤੀ ਦੀ ਵਰਤੋਂ ਧਰਮ ਸਬੰਧੀ ਮਾਮਲਿਆਂ ਵਿੱਚ ਇਸ ਦੇ ਕੰਮਕਾਜ ਦੇ ਪ੍ਰਬੰਧਨ ਦਾ ਹਿੱਸਾ ਸੀ ਅਤੇ 1949 ਦੇ ਐਕਟ ਨੇ ਅਜਿਹੇ ਛੇਕਣ ਨੂੰ ਅਯੋਗ ਠਹਿਰਾ ਕੇ ਸੰਵਿਧਾਨ ਦੀ ਧਾਰਾ 26(ਬੀ) ਦੇ ਤਹਿਤ ਭਾਈਚਾਰੇ ਦੇ ਅਧਿਕਾਰ ਦੀ ਉਲੰਘਣਾ ਕੀਤੀ।' ਸੁਧਾਰਵਾਦੀ ਦਾਊਦੀ ਬੋਹਰਾ ਭਾਈਚਾਰੇ ਦੇ ਇੱਕ ਸਮੂਹ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਰਾਜੂ ਰਾਮਚੰਦਰਨ ਨੇ ਦਲੀਲ ਦਿੱਤੀ ਕਿ ਕਿਸੇ ਵਿਅਕਤੀ ਦੇ ਧਰਮ ਨਿਰਪੱਖ ਅਤੇ ਸਮਾਜਿਕ ਆਚਰਣ ਦੇ ਜਵਾਬ ਵਿੱਚ ਅਪਣਾਈ ਗਈ ਪ੍ਰਥਾ ਨੂੰ ਸੰਵਿਧਾਨ ਦੀ ਧਾਰਾ 25 ਦੇ ਤਹਿਤ ਸੁਰੱਖਿਅਤ ਨਹੀਂ ਕੀਤਾ ਜਾ ਸਕਦਾ। ਇਸ ਲਈ, ਇਸ ਨੂੰ ਸੰਵਿਧਾਨ ਦੀ ਧਾਰਾ 26 ਦੇ ਤਹਿਤ 'ਧਰਮ ਨਾਲ ਸਬੰਧਤ ਮਾਮਲਾ' ਵੀ ਨਹੀਂ ਮੰਨਿਆ ਜਾ ਸਕਦਾ। ਵਕੀਲ ਰਾਜੂ ਰਾਮਚੰਦਰਨ ਨੇ ਅਦਾਲਤ ਨੂੰ ਦੱਸਿਆ ਕਿ ਭਾਵੇਂ ਕਿਸੇ ਪ੍ਰਥਾ ਦਾ ਧਾਰਮਿਕ ਪਹਿਲੂ ਹੋਵੇ, ਜੇਕਰ ਇਸ ਦਾ ਮੌਲਿਕ ਅਧਿਕਾਰਾਂ 'ਤੇ ਗੰਭੀਰ ਅਤੇ ਪ੍ਰਤੀਕੂਲ ਪ੍ਰਭਾਵ ਪੈਂਦਾ ਹੈ, ਤਾਂ ਇਸ ਨੂੰ ਸੰਵਿਧਾਨ ਦੀ ਧਾਰਾ 25 ਜਾਂ ਧਾਰਾ 26 ਦੇ ਤਹਿਤ ਪਾਬੰਦੀਆਂ ਤੋਂ ਪੂਰੀ ਤਰ੍ਹਾਂ ਛੋਟ ਨਹੀਂ ਦਿੱਤੀ ਜਾ ਸਕਦੀ। ਇਸ ਦਲੀਲ ਦਾ ਜਵਾਬ ਦਿੰਦੇ ਜਸਟਿਸ ਨਾਗਰਥਨ ਨੇ ਕਿਹਾ ਕਿ ਜੇਕਰ ਹਰ ਕੋਈ ਸੰਵਿਧਾਨਕ ਅਦਾਲਤ ਵਿੱਚ ਕੁਝ ਧਾਰਮਿਕ ਪ੍ਰਥਾਵਾਂ ਜਾਂ ਧਰਮ ਨਾਲ ਸਬੰਧਤ ਮਾਮਲਿਆਂ ਨੂੰ ਚੁਣੌਤੀ ਦੇਣਾ ਸ਼ੁਰੂ ਕਰ ਦਿੰਦਾ ਹੈ, ਤਾਂ 'ਇਸ ਸਭਿਅਤਾ ਦਾ ਕੀ ਹੋਵੇਗਾ, ਜਿੱਥੇ ਧਰਮ ਭਾਰਤੀ ਸਮਾਜ ਵਿੱਚ ਇੰਨੀ ਡੂੰਘਾਈ ਨਾਲ ਜੁੜਿਆ ਹੋਇਆ ਹੈ? ਉਨ੍ਹਾਂ ਕਿਹਾ,'ਇਸ ਅਧਿਕਾਰ ਜਾਂ ਉਸ ਅਧਿਕਾਰ ਨੂੰ ਚੁਣੌਤੀ ਦੇਣ ਵਾਲੀ, ਮੰਦਰਾਂ ਨੂੰ ਖੋਲ੍ਹਣ ਅਤੇ ਬੰਦ ਕਰਨ ਦੇ ਅਧਿਕਾਰ ਨੂੰ ਲੈ ਕੇ ਸੈਂਕੜੇ ਪਟੀਸ਼ਨਾਂ ਦਾਇਰ ਕੀਤੀਆਂ ਜਾਣਗੀਆਂ। ਅਸੀਂ ਇਸ ਤੋਂ ਜਾਣੂ ਹਾਂ।' ਸੁਣਵਾਈ ਦੌਰਾਨ ਜਸਟਿਸ ਸੁੰਦਰੇਸ਼ ਨੇ ਕਿਹਾ,'ਹਰ ਧਰਮ ਟੁੱਟ ਜਾਵੇਗਾ ਅਤੇ ਹਰ ਸੰਵਿਧਾਨਕ ਅਦਾਲਤ ਨੂੰ ਬੰਦ ਕਰਨਾ ਪਵੇਗਾ।' ਉਨ੍ਹਾਂ ਕਿਹਾ,'ਜੇਕਰ ਦੋ ਧਿਰਾਂ ਵਿਚਕਾਰ ਵਿਵਾਦ ਪੈਦਾ ਹੋਣ ਦਿੱਤੇ ਜਾਣ, ਤਾਂ ਹਰ ਕੋਈ ਹਰ ਚੀਜ਼ 'ਤੇ ਸਵਾਲ ਉਠਾਉਣਾ ਸ਼ੁਰੂ ਕਰ ਦੇਵੇਗਾ...।' ਜਸਟਿਸ ਨਾਗਰਥਨਾ ਨੇ ਕਿਹਾ ਕਿ ਭਾਰਤ ਨੂੰ ਦੂਜੇ ਖੇਤਰਾਂ ਤੋਂ ਵੱਖਰਾ ਕਰਨ ਵਾਲੀ ਗੱਲ ਇਹ ਹੈ ਕਿ ਇੰਨੀ ਵਿਭਿੰਨਤਾ ਅਤੇ ਬਹੁਲਤਾ ਦੇ ਬਾਵਜੂਦ,'ਅਸੀਂ ਇੱਕ ਸੱਭਿਅਤਾ ਹਾਂ'।

## ਤਿੰਨ ਦਿਨ ਪਹਿਲਾਂ ਅਗਵਾ ਕੀਤੇ ਨੌਜਵਾਨ ਦੀ ਭਾਖੜਾ 'ਚੋਂ ਮਿਲੀ ਲਾਸ਼

ਭਵਾਨੀਗੜ੍ਹ, 7 ਮਈ (ਚ.ਨ.ਸ.): ਨੇੜਲੇ ਪਿੰਡ ਲੱਖੇਵਾਲ ਦੇ ਨੇੜਲੇ ਪਿੰਡ ਲੱਖੇਵਾਲ ਦੇ ਨੌਜਵਾਨ ਪ੍ਰਿੰਸ ਸਿੰਘ (21) ਨੂੰ ਕੁੱਝ ਦਿਨ ਪਹਿਲਾਂ ਗੱਲਬਾਤ ਦੇ ਬਹਾਨੇ ਲੈ ਕੇ ਜਾਣ ਤੋਂ ਬਾਅਦ ਉਸ ਦੀ ਮ੍ਰਿਤਕ ਦੇਹ ਭਾਖੜਾ ਨਹਿਰ ਵਿਚ ਬਰਾਮਦ ਹੋਈ ਹੈ। ਜਿਸ ਤੋਂ ਬਾਅਦ ਪਿੰਡ ਵਿੱਚ ਸੋਗ ਦੀ ਲਹਿਰ ਹੈ। ਇਸ ਸਬੰਧੀ ਜਗਸੀਰ ਸਿੰਘ ਵਾਸੀ ਪਿੰਡ ਲੱਖੇਵਾਲ ਨੇ ਪੁਲਿਸ ਚੌਕੀ ਕਾਲਾਝਾੜ ਵਿਖੇ ਸ਼ਿਕਾਇਤ ਦਰਜ ਕਰਵਾਈ ਕਿ 2 ਮਈ ਦੀ ਸ਼ਾਮ ਨੂੰ ਉਸ ਦੇ ਪੁੱਤਰ ਪ੍ਰਿੰਸ ਸਿੰਘ ਨੂੰ ਉਸ ਦੇ ਸਕੂਲ ਸਮੇਂ ਦੇ ਦੋਸਤ ਰਣਯੋਧ ਸਿੰਘ ਉਰਫ ਜੋਧਾ ਵਾਸੀ ਮੁਣਸ਼ੀ ਵਾਲਾ ਨੇ ਫੋਨ ਕਰਕੇ ਪਿੰਡ ਦੇ ਬਾਹਰਲੇ ਪਾਸੇ ਬੁਲਾਇਆ ਸੀ। ਜਦੋਂ ਉਸ ਦਾ ਪੁੱਤਰ ਵਾਪਸ ਨਾ ਆਇਆ ਤਾਂ ਉਸ ਨੇ ਫੋਨ ਕੀਤਾ ਤਾਂ ਫੋਨ ਬੰਦ ਆ ਰਿਹਾ ਸੀ। ਚੌਕੀ ਇੰਚਾਰਜ ਨੇ ਦੱਸਿਆ ਕਿ ਪੁਲਿਸ ਨੇ ਸ਼ਿਕਾਇਤਕਰਤਾ ਦੇ ਬਿਆਨ ਅਨੁਸਾਰ ਪੜਤਾਲ ਸ਼ੁਰੂ ਕਰ ਦਿੱਤੀ ਅਤੇ ਸਬੰਧਤ ਨੌਜਵਾਨਾਂ ਤੋਂ ਪੁੱਛ-ਗਿੱਛ ਕੀਤੀ ਗਈ। ਇਸ ਦੌਰਾਨ ਰਣਯੋਧ ਸਿੰਘ ਉਰਫ ਜੋਧਾ ਅਤੇ ਉਸ ਦੇ ਭਰਾ ਸੁਖਚੈਨ ਸਿੰਘ ਉਰਫ ਚੈਨੀ ਨੇ ਦੱਸਿਆ ਕਿ ਉਹ ਕਾਰ ਰਾਹੀਂ ਭਾਖੜਾ ਨਹਿਰ ਤੇ ਪਹੁੰਚੇ ਸਨ ਅਤੇ ਉਥੇ ਉਨ੍ਹਾਂ ਨੇ ਨਸ਼ਾ ਕੀਤਾ ਸੀ। ਉਨ੍ਹਾਂ ਦੱਸਿਆ ਕਿ ਪ੍ਰਿੰਸ ਸਿੰਘ ਨੂੰ ਜ਼ਿਆਦਾ ਨਸ਼ਾ ਹੋ ਗਿਆ ਸੀ। ਜਿਸ ਕਾਰਨ ਉਨ੍ਹਾਂ ਨੇ ਨਹਿਰ ਵਿਚ ਸੁੱਟਣ ਦੀ ਘਟਨਾ ਨੂੰ ਅੰਜਾਮ ਦਿੱਤਾ। ਇਸੇ ਦੌਰਾਨ ਪ੍ਰਿੰਸ ਸਿੰਘ ਦੀ ਮ੍ਰਿਤਕ ਦੇਹ ਜੌੜਾਮਾਜਰਾ ਨੇੜੇ ਭਾਖੜਾ ਨਹਿਰ ਚੋਂ ਮਿਲ ਗਈ। ਜਿਸ ਦਾ ਸਰਕਾਰੀ ਹਸਪਤਾਲ ਸਮਾਣਾ ਵਿਖੇ ਪੋਸਟਮਾਰਟਮ ਕਰਵਾਉਣ ਉਪਰੰਤ ਲਾਸ਼ ਵਾਰਸਾਂ ਦੇ ਹਵਾਲੇ ਕਰ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਪੁਲਿਸ ਵੱਲੋਂ ਮ੍ਰਿਤਕ ਦੇਹ ਮਿਲਣ ਤੋਂ ਬਾਅਦ ਉਕਤ ਦੋਵੇਂ ਮੁਲਜ਼ਮਾਂ ਖ਼ਿਲਾਫ਼ ਕਤਲ ਦਾ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਖਰੜ ਵਿੱਚ ਈ.ਡੀ. ਦੀ ਰੇਡ, 9ਵੀਂ ਮੰਜ਼ਿਲ ਤੋਂ ਸੁੱਟੇ ਨੋਟਾਂ ਦੇ ਭਰੇ ਬੈਗ

ਖਰੜ, 7 ਮਈ (ਚ.ਨ.ਸ.): ਮੋਹਾਲੀ ਦੇ ਖਰੜ ਵਿੱਚ ਵੈਸਟਰਨ ਟਾਵਰਜ਼ ਸੁਸਾਇਟੀ ਵਿੱਚ ਇੱਕ ਆਈ.ਟੀ. ਸੈਕਟਰ ਕਰਮਚਾਰੀ ਦੇ ਫਲੈਟ ਵਿਚ ਈ.ਡੀ. ਨੇ ਛਾਪਾ ਮਾਰਿਆ। ਟੀਮ ਨੂੰ ਆਉਂਦੇਦੇਖ ਕੇ, ਕਿਸੇ ਨੇ ਰਿਹਾਇਸ਼ੀ ਟਾਵਰ ਦੀ ਨੌਵੀਂ ਮੰਜ਼ਿਲ ਤੋਂ ਨਕਦੀ ਨਾਲ ਭਰੇ ਦੋ ਬੈਗ ਹੇਠਾਂ ਸੁੱਟ ਦਿੱਤੇ, ਜਿਸ ਨੂੰ ਪਹਿਲਾਂ ਤੋਂ ਹੇਠਾਂ ਖੜ੍ਹੇ ਇੱਕ ਡਰਾਈਵਰ ਨੇ ਚੁੱਕ ਲਏ। ਹਾਲਾਂਕਿ, ਟੀਮ ਨੇ ਘਟਨਾ ਨੂੰ ਦੇਖਿਆ ਅਤੇ ਬੈਗ ਲੈ ਕੇ ਭੱਜ ਰਹੇ ਡਰਾਈਵਰ ਦਾ ਪਿੱਛਾ ਕਰਕੇ ਉਸ ਨੂੰ ਫੜ ਲਿਆ ਅਤੇ ਬੈਗ ਵਿੱਚੋਂ ਲੱਗਭੱਗ 21 ਲੱਖ ਰੁਪਏ ਨਕਦ ਬਰਾਮਦ ਹੋਏ। ਮਾਮਲੇ ਦੀ ਜਾਂਚ ਜਾਰੀ ਹੈ। ਅਧਿਕਾਰੀ ਇਸ ਸਮੇਂ ਕੋਈ ਟਿੱਪਣੀ ਕਰਨ ਤੋਂ ਗੁਰੇਜ਼ ਕਰ ਰਹੇ ਹਨ। ਪਤਾ ਲੱਗਾ ਹੈ ਕਿ ਕੇਂਦਰੀ ਏਜੰਸੀ ਦੇ ਆਉਣ ਤੋਂ ਪਹਿਲਾਂ ਹੀ ਇੱਕ ਵਿਅਕਤੀ ਨੇ ਨੌਵੀਂ ਮੰਜ਼ਿਲ ਦੇ ਫਲੈਟ ਤੋਂ ਬੈਗ ਸੁੱਟ ਦਿੱਤੇ ਸਨ। ਉਸ ਦਾ ਡਰਾਈਵਰ, ਜੋ ਹੇਠਾਂ ਖੜ੍ਹਾ ਸੀ, ਤੁਰੰਤ ਇੱਕ ਚਿੱਟੀ ਕਾਰ ਵਿੱਚ ਬੈਗ ਲੈ ਕੇ ਭੱਜ ਗਿਆ। ਮੌਕੇ 'ਤੇ ਮੌਜੂਦ ਟੀਮ ਨੇ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ ਉਸ ਦਾ ਪਿੱਛਾ ਕੀਤਾ ਅਤੇ ਉਸ ਨੂੰ ਫੜ ਲਿਆ। ਸੁਸਾਇਟੀ ਵਿਚ ਵੱਡੀ ਗਿਣਤੀ ਵਿਚ ਲੋਕ ਇਕੱਠੇ ਹੋ ਗਏ, ਜਿਸ ਨਾਲ ਇਲਾਕੇ ਵਿੱਚ ਹਫੜਾ-ਦਫੜੀ ਮਚ ਗਈ। ਸੂਚਨਾ ਮਿਲਣ 'ਤੇ ਸਥਾਨਕ ਪੁਲਿਸ ਨੂੰ ਮੌਕੇ 'ਤੇ ਭੇਜਿਆ ਗਿਆ। ਖਰੜ ਸਿਟੀ ਪੁਲਿਸ ਸਟੇਸ਼ਨ ਦੇ ਐਸ.ਐਚ.ਓ.ਦੀ ਅਗਵਾਈ ਵਿਚ ਇੱਕ ਪੁਲਿਸ ਟੀਮ ਮੌਕੇ 'ਤੇ ਪਹੁੰਚੀ ਅਤੇ ਜਾਂਚ ਸ਼ੁਰੂ ਕਰ ਦਿੱਤੀ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਹ ਕਾਰਵਾਈ ਇੱਕ ਜਾਂਚ ਏਜੰਸੀ ਵੱਲੋਂ ਕੀਤੀ ਗਈ ਸੀ।



# ਨਸ਼ਿਆਂ ਵਿਰੁੱਧ ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ 10 ਮੈਂਬਰੀ ਵਿਸ਼ੇਸ਼ ਕਮੇਟੀ ਦਾ ਗਠਨ

ਚੰਡੀਗੜ੍ਹ, 7 ਮਈ (ਚ.ਨ.ਸ.): ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਇੱਕ ਵਿਸ਼ੇਸ਼ ਕਮੇਟੀ ਬਣਾਈ ਗਈ ਹੈ, ਜਿਸ ਵਿੱਚ ਜਤਿੰਦਰ ਸ਼ੰਟੀ ਮੈਂਬਰ ਹਨ। ਕਮਿਸ਼ਨ ਨੇ ਦੱਸਿਆ ਕਿ ਇਸ ਲਈ 10 ਲੋਕਾਂ ਨੂੰ ਚੁਣਿਆ ਗਿਆ ਹੈ, ਜਿਸ ਵਿੱਚ ਜੱਜ, ਡਾਕਟਰ ਆਦਿ ਸ਼ਾਮਲ ਕੀਤੇ ਗਏ ਹਨ। ਸ਼ੰਟੀ ਨੇ ਦੱਸਿਆ ਕਿ ਕਿਸ ਤਰ੍ਹਾਂ ਬੱਚਿਆਂ ਦੇ ਫ਼ੋਨਾਂ 'ਤੇ ਨਸ਼ਿਆਂ ਨੂੰ ਲੈ ਕੇ ਮੈਸੇਜ ਆਉਂਦੇਹਨ, ਜਿਨ੍ਹਾਂ ਨੂੰ ਰੋਕਣ ਦੀ ਲੋੜ ਹੈ। ਇਹ ਸੁਝਾਅ ਸਾਹਮਣੇ ਆਇਆ ਹੈ ਕਿ ਵੱਖ-ਵੱਖ ਸੋਸ਼ਲ ਮੀਡੀਆ ਰਾਹੀਂ ਮੈਸੇਜ ਆਉਂਦੇਹਨ। ਉੱਥੇ ਹੀ ਵਕੀਲ ਨੇ ਵੀ ਸੁਝਾਅ ਭੇਜਿਆ ਕਿ ਕਿਸ ਤਰ੍ਹਾਂ ਨਸ਼ਾ ਵੇਚਣ ਵਾਲੇ ਵੱਡੇ ਮਗਰਮੱਛਾਂ ਨੂੰ ਫੜਿਆ ਜਾਵੇ ਤਾਂ ਜੋ ਲੋਕਾਂ ਦਾ ਵਿਸ਼ਵਾਸ ਬਣ ਸਕੇ। ਕਮਿਸ਼ਨ ਮੈਂਬਰ ਸ਼ੰਟੀ ਨੇ ਦੱਸਿਆ ਕਿ ਉਹ ਸੰਗਰੂਰ ਜੇਲ੍ਹ ਗਏ ਸਨ, ਉੱਥੇ ਜਦੋਂ ਗੱਲ ਕੀਤੀ ਤਾਂ ਇੱਕ 24 ਸਾਲ ਦੀ ਲੜਕੀ ਨੇ ਆਪਣਾ ਸਰੀਰ ਦਿਖਾਇਆ ਕਿ ਉਹ ਕਿਸ ਤਰ੍ਹਾਂ ਨਸ਼ਾ ਕਰਦੀ ਸੀ। ਇਸ ਤੋਂ ਪਤਾ ਲੱਗਾ ਕਿ ਸ਼ਰਮਨਾਕ ਤਰੀਕੇ ਨਾਲ ਦੁਕਾਨਦਾਰ ਕਿਵੇਂ ਸਰਿੰਜਾਂ ਅਤੇ ਨਸ਼ਾ ਵੇਚਦੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਜਦੋਂ ਉਨ੍ਹਾਂ ਦੁਕਾਨਾਂ ਨੂੰ ਬੰਦ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਤਾਂ ਉਨ੍ਹਾਂ ਨੂੰ ਬੰਦ ਨਹੀਂ ਕਰਵਾਇਆ ਜਾਂਦਾ। ਐਂਟੀ-ਟੈਰਰਿਜ਼ਮ ਦੇ ਮੈਂਬਰ ਨੇ ਦੱਸਿਆ ਕਿ ਗੈਂਗਸਟਰਾਂ ਵੱਲੋਂ ਕਿਵੇਂ ਕੁਝ ਪੈਸਿਆਂ ਲਈ ਹੈਂਡ ਗ੍ਰੇਨੇਡ ਸੁੱਟੇ ਜਾਂਦੇ ਹਨ। ਇਸ ਵਿੱਚ ਇਹ ਵੀ ਪਤਾ ਲੱਗਾ ਹੈ ਕਿ ਉਹ ਨਸ਼ਾ ਕਰਨ ਵਾਲੇ ਲੋਕ ਹਨ, ਜਿਨ੍ਹਾਂ ਤੋਂ ਕੁਝ ਪੈਸਿਆਂ ਬਦਲੇ ਕੁਝ ਵੀ ਕਰਵਾਇਆ ਜਾ ਸਕਦਾ ਹੈ। ਸ਼ੰਟੀ ਨੇ ਦੱਸਿਆ ਕਿ ਕੋਰ ਗਰੁੱਪ ਦੇ ਇਹ ਮੈਂਬਰ ਸਕੂਲਾਂ-ਕਾਲਜਾਂ ਵਿੱਚ ਜਾ ਕੇ ਗੱਲ ਕਰਨਗੇ ਕਿ ਨਸ਼ੇ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ, ਕਿਉਂਕਿ ਸਕੂਲਾਂ ਦੇ ਬਾਹਰ ਰੇਹੜੀ ਵਾਲੇ ਜਾਂ ਆਨਲਾਈਨ ਫੂਡ ਡਿਲੀਵਰੀ ਵਾਲੇ ਵੀ ਨਸ਼ੇ ਦੀ ਸਪਲਾਈ ਕਰ ਰਹੇ ਹਨ। ਸ਼ੰਟੀ ਨੇ ਕਿਹਾ ਕਿ ਨਸ਼ਾ ਕਿਵੇਂ ਛੱਡਿਆ ਜਾਵੇ, ਇਸ ਲਈ ਨਸ਼ਾ ਛੁਡਾਊ ਕੇਂਦਰਾਂ ਵਿੱਚ ਦਿੱਤੀ ਜਾਣ ਵਾਲੀ ਗੋਲੀ ਦੀ ਵੀ ਬਲੈਕ ਹੁੰਦੀ ਹੈ। ਇਸ ਵਿੱਚ ਨਾ ਸਿਰਫ਼ ਪੰਜਾਬ ਸਗੋਂ ਬਾਹਰੀ ਰਾਜਾਂ ਤੋਂ ਜੋ ਨਸ਼ਾ ਆ ਰਿਹਾ ਹੈ, ਉੱਥੇ ਫੈਕਟਰੀਆਂ ਆਪਣੀ ਸਮਰੱਥਾ ਤੋਂ ਵੱਧ ਦਵਾਈਆਂ ਬਣਾ ਰਹੀਆਂ ਹਨ, ਜਿਸ ਵਿੱਚ ਨਸ਼ਾ ਜ਼ਿਆਦਾ ਹੈ। ਮਨੁੱਖੀ ਅਧਿਕਾਰ ਕਮਿਸ਼ਨ ਦੇ ਮੈਂਬਰ ਜਤਿੰਦਰ ਸ਼ੰਟੀ ਨੇ ਦੱਸਿਆ ਕਿ ਅਸੀਂ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ ਆਪਣੀ ਤਰਫ਼ੋਂ ਖ਼ੁਦ ਫ਼ੈਸਲਾ ਕਰਕੇ 'ਸੂ ਮੋਟੋ' ਲਵਾਂਗੇ। ਅਸੀਂ ਕਮੇਟੀ ਮੈਂਬਰਾਂ ਦੇ ਨਾਂ ਨਹੀਂ ਦੱਸ ਸਕਦੇ ਪਰ ਉਹ ਨਸ਼ਿਆਂ ਅਤੇ ਗੈਂਗਸਟਰਾਂ ਦੇ ਖ਼ਿਲਾਫ਼ ਕੰਮ ਕਰਨਗੇ।

# ਲੁਧਿਆਣਾ 'ਚ ਪ੍ਰਾਪਰਟੀ ਡੀਲਰ ਵੱਲੋਂ ਸਲਫਾਸ ਖਾ ਕੇ ਖ਼ੁਦਕੁਸ਼ੀ

## ਮ੍ਰਿਤਕ ਰਿੰਪੀ ਅਨੇਜਾ ਨੇ ਵੀਡੀਓ ਬਣਾ ਕਈ ਵਿਅਕਤੀਆਂ ਨੂੰ ਮੌਤ ਲਈ ਦੱਸਿਆ ਜ਼ਿੰਮੇਵਾਰ

ਲੁਧਿਆਣਾ, 7 ਮਈ (ਚ.ਨ.ਸ.): ਲੁਧਿਆਣਾ ਵਿੱਚ ਇੱਕ ਪ੍ਰਾਪਰਟੀ ਡੀਲਰ ਨੇ ਸਲਫਾਸ ਕਰਕੇ ਖੁਦਕੁਸ਼ੀ ਕਰ ਲਈ। ਸਿਹਤ ਖਰਾਬ ਹੋਣ ਤੋਂ ਬਾਅਦ ਪਰਿਵਾਰ ਵੱਲੋਂ ਉਸ ਨੂੰ ਪ੍ਰਾਈਵੇਟ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ, ਜਿੱਥੇ ਪ੍ਰਾਪਰਟੀ ਡੀਲਰ ਦੀ ਇਲਾਜ ਦੌਰਾਨ ਮੌਤ ਹੋ ਗਈ। ਪ੍ਰੋਪਰਟੀ ਡੀਲਰ ਰਿੰਪੀ ਅਨੇਜਾ ਨੇ ਮਰਨ ਤੋਂ ਪਹਿਲਾਂ ਇੱਕ ਵੀਡੀਓ ਬਣਾਈ ਜਿਸ ਵਿੱਚ ਉਸ ਨੇ ਰਾਜੇਸ਼ ਬਾਂਸਲ, ਸਿਆਲ, ਹਰਪ੍ਰੀਤ ਸਿੰਘ ਅਤੇ ਖੁਸ਼ਵੰਤ ਸਿੰਘ ਦੇ ਨਾਂ ਲਏ ਅਤੇ ਕਿਹਾ ਮੇਰੇ ਮਰਨ ਤੋਂ ਬਾਅਦ ਇਹਨਾਂ ਲੋਕਾਂ ਨੂੰ ਬਖਸ਼ਿਆ ਨਾ ਜਾਵੇ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਕਿਹਾ ਜਾ ਰਿਹਾ ਜਿਨ੍ਹਾਂ ਲੋਕਾਂ ਦੇ ਵੀਡੀਓ 'ਚ ਨਾਂ ਲਏ ਗਏ ਉਨ੍ਹਾਂ ਨਾਲ ਰਿੰਪੀ ਅਨੇਜਾ ਦਾ ਕਰੋੜਾਂ ਰੁਪਏ ਦਾ ਲੈਣ ਦੇਣ ਸੀ। ਪੈਸੇ ਨਾ ਦੇਣ ਤੋਂ ਪ੍ਰਾਪਰਟੀ ਡੀਲਰ ਪਰੇਸ਼ਾਨ ਚੱਲ ਰਿਹਾ ਸੀ, ਵੀਡੀਓ ਦੇ ਵਿੱਚ ਵੀ ਸਾਫ ਤੌਰ ਤੇ ਦਿਖਾਈ ਦੇ ਰਿਹਾ ਜਿਸ ਵਿੱਚ ਪ੍ਰਾਪਰਟੀ ਡੀਲਰ ਨੂੰ ਸਾਫ ਕਹਿ ਰਿਹਾ ਹੈ ਕਿ ਮੇਰੇ ਮਰਨ ਤੋਂ ਬਾਅਦ ਜੋ ਮੇਰੀ ਲੈਣਦਾਰੀ ਹੈ ਉਹ ਮੇਰੇ ਪਰਿਵਾਰ ਨੂੰ ਦਿੱਤੀ ਜਾਵੇ। ਮ੍ਰਿਤਕ ਦੀ ਪਛਾਣ ਰਿੰਪੀ ਅਨੇਜਾ ਉਮਰ 52 ਸਾਲ ਸ਼ਹੀਦ ਭਗਤ ਸਿੰਘ ਨਗਰ ਵਜੋਂ ਹੋਈ ਹੈ। ਪੁਲਿਸ ਨੇ ਇਸ ਮਾਮਲੇ ਵਿੱਚ ਤਕਰੀਬਨ 11 ਲੋਕਾਂ ਖ਼ਿਲਾਫ ਮਾਮਲਾ ਦਰਜ ਕੀਤਾ ਹੈ ਅਤੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੀ।

## ਵਿਧਾਇਕ ਪਠਾਣਮਾਜਰਾ ਨੂੰ ਮਾਈਨਿੰਗ ਮਾਮਲੇ 'ਚ 4 ਦਿਨਾਂ ਦੇ ਪੁਲਿਸ ਰਿਮਾਂਡ 'ਤੇ ਭੇਜਿਆ

ਪਟਿਆਲਾ, 7 ਮਈ (ਚ.ਨ.ਸ.): ਆਮ ਆਦਮੀ ਪਾਰਟੀ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦੀਆਂ ਮੁਸ਼ਕਲਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਮਾਈਨਿੰਗ ਨਾਲ ਸਬੰਧਿਤ ਇੱਕ ਮਾਮਲੇ ਵਿੱਚ ਅੱਜ ਉਨ੍ਹਾਂ ਨੂੰ ਪਟਿਆਲਾ ਦੀ ਜ਼ਿਲ੍ਹਾ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿੱਥੇ ਅਦਾਲਤ ਨੇ ਉਨ੍ਹਾਂ ਨੂੰ 4 ਦਿਨਾਂ ਦੇ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਹੈ। ਪੁਲਿਸ ਵੱਲੋਂ ਅਦਾਲਤ ਵਿੱਚ ਵਿਧਾਇਕ ਪਠਾਣਮਾਜਰਾ ਤੋਂ ਡੂੰਘਾਈ ਨਾਲ ਪੁੱਛ-ਗਿੱਛ ਕਰਨ ਲਈ 10 ਦਿਨਾਂ ਦੇ ਰਿਮਾਂਡ ਦੀ ਮੰਗ ਕੀਤੀ ਗਈ ਸੀ। ਦੱਸਣਯੋਗ ਹੈ ਕਿ ਹਰਮੀਤ ਪਠਾਣਮਾਜਰਾ ਨੂੰ ਬੀਤੇ ਦਿਨੀਂ ਮੱਧ ਪ੍ਰਦੇਸ਼ ਦੇ ਗਵਾਲੀਅਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਉਨ੍ਹਾਂ ਖ਼ਿਲਾਫ਼ ਮਾਈਨਿੰਗ ਤੋਂ ਇਲਾਵਾ ਇੱਕ ਪੁਰਾਣਾ ਜਬਰ-ਜਨਾਹ ਦਾ ਕੇਸ ਵੀ ਚੱਲ ਰਿਹਾ ਹੈ।

## ਬਿਹਾਰ 'ਚ ਸਮਰਾਟ ਕੈਬਨਿਟ ਦਾ ਵਿਸਥਾਰ,

ਨਿਤੀਸ਼ ਕੁਮਾਰ, ਬਿਹਾਰ ਦੇ ਮੁੱਖ ਮੰਤਰੀ ਸਮਰਾਟ ਚੌਧਰੀ,

ਉਪ ਮੁੱਖ ਮੰਤਰੀ ਵਿਜੇ ਚੌਧਰੀ, ਉਪ ਮੁੱਖ ਮੰਤਰੀ ਵਿਜੇਂਦਰ ਯਾਦਵ ਸਮੇਤ ਵੱਡੀ ਗਿਣਤੀ ਵਿੱਚ ਪਤਵੰਤੇ ਮੌਜੂਦ ਸਨ। ਸਹੁੰ ਚੁੱਕਣ ਵਾਲੇ ਕੈਬਨਿਟ ਮੰਤਰੀਆਂ 'ਚ ਸ਼ਰਵਣ ਕੁਮਾਰ, ਵਿਜੇ ਕੁਮਾਰ ਸਿਨਹਾ, ਦਿਲੀਪ ਜੈਸਵਾਲ, ਨਿਸ਼ਾਂਤ, ਲੇਸੀ ਸਿੰਘ ਰਾਮਕ੍ਰਿਪਾਲ ਯਾਦਵ, ਨਿਤੀਸ਼ ਮਿਸ਼ਰਾ, ਦਾਮੋਦਰ ਰਾਵਤ, ਸੰਜੇ ਟਾਈਗਰ, ਅਸ਼ੋਕ ਚੌਧਰੀ, ਭਗਵਾਨ ਸਿੰਘ ਕੁਸ਼ਵਾਹਾ, ਅਰੁਣ ਸ਼ੰਕਰ ਪ੍ਰਸਾਦ, ਮਦਨ ਸਾਹਨੀ, ਸੰਤੋਸ਼ ਕੁਮਾਰ ਸੁਮਨ, ਰਮਾ ਨਿਸ਼ਾਦ, ਰਤਨੇਸ਼ ਸਦਾ, ਕੁਮਾਰ ਸ਼ੈਲੇਂਦਰ, ਸ਼ੀਲਾ ਕੁਮਾਰੀ, ਕੇਦਾਰ ਪ੍ਰਸਾਦ ਗੁਪਤਾ, ਲਖਨ ਕੁਮਾਰ ਰੋਸ਼ਨ, ਸੁਨੀਲ ਕੁਮਾਰ, ਸ਼੍ਰੇਅਸੀ ਸਿੰਘ, ਜਾਮਾ ਖਾਨ, ਨੰਦਕਿਸ਼ੋਰ ਰਾਮ, ਸ਼ੈਲੇਸ਼ ਕੁਮਾਰ ਉਰਫ਼ ਬਿੱਲੋ ਮੰਡਲ, ਡਾਕਟਰ ਪ੍ਰਮੋਦ ਕੁਮਾਰ, ਸ਼ਵੇਤਾ ਗੁਪਤਾ, ਮਿਥਿਲੇਸ਼ ਕੁਮਾਰ, ਸੰਜੇ ਕੁਮਾਰ, ਸੰਜੇ ਕੁਮਾਰ, ਸੰਜੇ ਕੁਮਾਰ, ਦੀਪਕ ਪ੍ਰਕਾਸ਼ ਸ਼ਾਮਲ ਹਨ।

## 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਾਨੂੰਨ'

ਹਰ ਸਿੱਖ ਦੇ ਪਿਤਾ ਸਮਾਨ ਹਨ, ਜਿਨ੍ਹਾਂ ਦੀ ਮਾਣ-ਮਰਿਆਦਾ ਦੀ ਕਾਇਮ ਰੱਖਣਾ ਸਾਡਾ ਸਮੂਹਿਕ ਫਰਜ਼ ਹੈ। ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਐਕਟ-2026 ਇਹ ਯਕੀਨੀ ਬਣਾਉਂਦਾਹੈ ਕਿ ਇਸ ਨਾ-ਮੁਆਫ਼ੀਯੋਗ ਅਪਰਾਧ ਦੇ ਦੋਸ਼ੀ ਪਾਏ ਜਾਣ ਵਾਲੇ ਕਿਸੇ ਵੀ ਵਿਅਕਤੀ ਨੂੰ ਮਿਸਾਲੀ ਸਜ਼ਾ ਦਾ ਸਾਹਮਣਾ ਕਰਨਾ ਪਵੇਗਾ।

ਉਨ੍ਹਾਂ ਕਿਹਾ ਕਿ ਬੇਅਦਬੀ ਦੀਆਂ ਘਟਨਾਵਾਂ ਪੰਜਾਬ ਦੀ ਅਮਨ-ਸ਼ਾਂਤੀ, ਭਾਈਚਾਰਕ ਸਾਂਝ, ਫ਼ਿਰਕੂ ਸਦਭਾਵਨਾ ਅਤੇ ਸਮਾਜਿਕ ਏਕਤਾ ਨੂੰ ਭੰਗ ਕਰਨ ਦੇ ਉਦੇਸ਼ ਨਾਲ ਰਚੀ ਗਈ ਡੂੰਘੀ ਸਾਜ਼ਿਸ਼ ਦਾ ਹਿੱਸਾ ਸਨ। ਮੁੱਖ ਮੰਤਰੀ ਨੇ ਪੁਸ਼ਟੀ ਕੀਤੀ ਕਿ ਇਹ ਕਾਨੂੰਨ ਇੰਨੀ ਸਮਝਦਾਰੀ ਤੇ ਸਖ਼ਤੀ ਨਾਲ ਬਣਾਇਆ ਗਿਆ ਹੈ ਕਿ ਦੋਸ਼ੀ ਠਹਿਰਾਏ ਗਏ ਵਿਅਕਤੀ ਨੂੰ ਮਰਨ ਤੱਕ ਉਮਰ ਕੈਦ ਦੀ ਸਜ਼ਾ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਮੰਨੇ-ਪ੍ਰਮੰਨੇ ਕਾਨੂੰਨੀ ਮਾਹਿਰਾਂ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਇਸ ਕਾਨੂੰਨ ਦਾ ਖਰੜਾ ਤਿਆਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਕਾਨੂੰਨ ਅਜਿਹੀਆਂ ਘਟਨਾਵਾਂ ਵਿਰੁੱਧ ਮਜ਼ਬੂਤ ਵਿਵਸਥਾ ਵਜੋਂ ਕੰਮ ਕਰੇਗਾ ਅਤੇ ਕੋਈ ਵੀ ਭਵਿੱਖ ਵਿੱਚ ਅਜਿਹਾ ਅਪਰਾਧ ਕਰਨ ਦੀ ਹਿੰਮਤ ਵੀ ਨਹੀਂ ਕਰੇਗਾ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਦੁਨੀਆ ਭਰ ਦੇ ਲੋਕਾਂ ਅਤੇ ਸਿੱਖ ਸੰਗਤ ਨੇ ਪੰਜਾਬ ਵਿਧਾਨ ਸਭਾ ਵੱਲੋਂ ਸਰਬਸੰਮਤੀ ਨਾਲ ਪਾਸ ਕੀਤੇ ਗਏ ਇਸ ਕਾਨੂੰਨ ਦਾ ਸਵਾਗਤ ਕੀਤਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, 'ਜਿੱਥੇ ਸਮੁੱਚੀ ਸਿੱਖ ਸੰਗਤ ਨੇ ਇਸ ਕਾਨੂੰਨ ਦਾ ਸਵਾਗਤ ਕੀਤਾ ਹੈ, ਸ਼੍ਰੋਮਣੀ ਕਮੇਟੀ ਦੇ ਆਕਾਵਾਂ ਨੇ ਇਸ ਦਾ ਵਿਰੋਧ ਕੀਤਾ ਹੈ ਕਿਉਂਕਿ ਬੇਅਦਬੀ ਨਾਲ ਸਬੰਧਤ ਘਟਨਾਵਾਂ ਨਾਲ ਖੁਦ ਉਹ ਜੁੜੇ ਹੋਏ ਹਨ।

ਚਾਰ ਰੋਜ਼ਾ 'ਸ਼ੁਕਰਾਨਾ ਯਾਤਰਾ' ਦਾ ਹਵਾਲਾ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਇਤਿਹਾਸਕ ਕਾਨੂੰਨ ਪਾਸ ਕਰਨ ਦੀ ਸਮਰੱਥਾ ਅਤੇ ਸੋਝੀ ਬਖ਼ਸ਼ਣ ਲਈ ਪਰਮਾਤਮਾ ਦਾ ਧੰਨਵਾਦ ਕਰਨ ਲਈ ਯਾਤਰਾ 'ਤੇ ਨਿਕਲੇ ਹਨ। ਉਨ੍ਹਾਂ ਦੱਸਿਆ ਕਿ ਸ੍ਰੀ ਅਨੰਦਪੁਰ ਸਾਹਿਬ ਤੋਂ ਸ਼ੁਰੂ ਹੋ ਕੇ ਇਹ ਯਾਤਰਾ 9 ਮਈ ਤੱਕ ਜਾਰੀ ਰਹੇਗੀ ਅਤੇ ਯਾਤਰਾ ਦੌਰਾਨ ਉਹ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਦਮਦਮਾ ਸਾਹਿਬ, ਮਸਤੂਆਣਾ ਸਾਹਿਬ, ਗੁਰਦੁਆਰਾ ਦੁਖ ਨਿਵਾਰਨ ਸਾਹਿਬ ਅਤੇ ਸ੍ਰੀ ਫਤਿਹਗੜ੍ਹ ਸਾਹਿਬ ਦੇ ਦਰਸ਼ਨ-ਦੀਦਾਰ ਕਰਨਗੇ।

ਉਨ੍ਹਾਂ ਕਿਹਾ ਕਿ ਇਸ ਯਾਤਰਾ ਦਾ ਇੱਕੋ ਇੱਕ ਉਦੇਸ਼ ਪਰਮਾਤਮਾ ਦਾ ਸ਼ੁਕਰਾਨਾ ਕਰਨਾ ਹੈ, ਜਿਨ੍ਹਾਂ ਨੇ ਸਾਨੂੰ ਮਨੁੱਖਤਾ ਅਤੇ ਪੰਜਾਬ ਦੀ ਸੇਵਾ ਲਈ ਇਹ ਵੱਡੀ ਤੇ ਅਹਿਮ ਜ਼ਿੰਮੇਵਾਰੀ ਸੌਂਪੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਤੇਜ਼ ਗਰਮੀ ਦੇ ਬਾਵਜੂਦ ਵੱਡੀ ਗਿਣਤੀ ਵਿੱਚ ਪਹੁੰਚਣ ਵਾਲੀ ਸੰਗਤ ਦਾ ਦਿਲੋਂ ਧੰਨਵਾਦ ਕੀਤਾ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਭਰ ਦੀ ਸੰਗਤ ਯਾਤਰਾ ਦਾ ਨਿੱਘਾ ਸਵਾਗਤ ਕਰ ਰਹੀ ਹੈ ਕਿਉਂਕਿ ਪਹਿਲੀ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਾਣ-ਮਰਿਆਦਾ ਦੀ ਰਾਖੀ ਅਤੇ ਸਤਿਕਾਰ ਲਈ ਸਖ਼ਤ ਤੇ ਪ੍ਰਭਾਵਸ਼ਾਲੀ ਕਾਨੂੰਨ ਤਿਆਰ ਕੀਤਾ ਗਿਆ ਹੈ। ਉਨ੍ਹਾਂ ਦੁਹਰਾਇਆ ਕਿ ਪੰਜਾਬ ਕੈਬਨਿਟ ਅਤੇ ਪੰਜਾਬ ਵਿਧਾਨ ਸਭਾ ਦੋਵਾਂ ਨੇ ਸਰਬਸੰਮਤੀ ਨਾਲ ਇਸ ਕਾਨੂੰਨ ਨੂੰ ਪ੍ਰਵਾਨਗੀ ਦਿੱਤੀ ਹੈ।

## 'ਸੂਬੇ 'ਚ ਹੋਏ ਬੰਬ ਧਮਾਕੇ, ਭਾਜਪਾ ਦੀਆਂ

ਆਖਿਆ ਕਿ ਸਿਆਸੀ ਲਾਭ ਲਈ ਸਿੱਖਾਂ ਅਤੇ ਹਿੰਦੂਆਂ ਨੂੰ ਵੰਡਣ ਦੀ ਕੋਸ਼ਿਸ਼ ਕਰਨ ਵਾਲੀਆਂ ਤਾਕਤਾਂ ਪੰਜਾਬ ਦੀ ਭਾਈਚਾਰਕ ਸਾਂਝ ਅਤੇ ਏਕਤਾ ਦੀ ਮਜ਼ਬੂਤ ਪਰੰਪਰਾ ਸਾਹਮਣੇ ਅਸਫ਼ਲ ਹੋ ਜਾਣਗੀਆਂ। ਜਲੰਧਰ ਅਤੇ ਅੰਮ੍ਰਿਤਸਰ ਵਿੱਚ ਹਾਲ ਹੀ ਵਿੱਚ ਹੋਏ ਬੰਬ ਧਮਾਕਿਆਂ ਨੂੰ ਪੰਜਾਬ ਵਿੱਚ

# ਮੈਂਬਰ ਪਾਰਲੀਮੈਂਟ ਅੰਮ੍ਰਿਤਪਾਲ ਸਿੰਘ ਦੀ ਮਾਤਾ ਨੇ ਸ਼ੁਕਰਾਨਾ ਯਾਤਰਾ ਦੌਰਾਨ ਮੁੱਖ ਮੰਤਰੀ ਨੂੰ ਕੀਤੇ ਸਵਾਲ

ਅੰਮ੍ਰਿਤਸਰ/ਰੱਈਆ, 7 ਮਈ (ਚ.ਨ.ਸ.): ਰੱਈਆ ਵਿਖੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਸ਼ੁਕਰਾਨਾ ਯਾਤਰਾ ਦੌਰਾਨ ਖਡੂਰ ਸਾਹਿਬ ਦੇ ਮੈਂਬਰ ਪਾਰਲੀਮੈਂਟ ਅੰਮ੍ਰਿਤਪਾਲ ਸਿੰਘ ਦੀ ਮਾਤਾ ਬਲਵਿੰਦਰ ਕੌਰ ਨੇ ਆਪਣੇ ਪੁੱਤਰ ਵਿਰੁੱਧ ਕਥਿਤ ਤੌਰ 'ਤੇ ਕੌਮੀ ਸੁਰੱਖਿਆ ਕਾਨੂੰਨ (ਐੱਨ.ਐੱਸ.ਏ.) ਖ਼ਤਮ ਹੋਣ ਦੇ ਬਾਵਜੂਦ ਉਸ ਨੂੰ ਪੰਜਾਬ ਤੋਂ ਬਾਹਰ ਲਗਾਤਾਰ ਨਜ਼ਰਬੰਦ ਰੱਖਣ ਨੂੰ ਲੈ ਕੇ ਮੁੱਖ ਮੰਤਰੀ ਨੂੰ ਸਵਾਲ ਕੀਤੇ। ਬਲਵਿੰਦਰ ਕੌਰ ਭਾਰੀ ਸੁਰੱਖਿਆ ਅਤੇ ਸਮਰਥਕਾਂ ਦੇ ਇਕੱਠ ਵਿੱਚੋਂ ਲੰਘ ਕੇ ਮੁੱਖ ਮੰਤਰੀ ਦੀ ਗੱਡੀ ਦੇ ਨੇੜੇ ਪਹੁੰਚ ਗਈ। ਉਸ ਨੇ ਮਾਨ ਦਾ ਹੱਥ ਫੜ ਲਿਆ ਅਤੇ ਪੁੱਛਿਆ ਕਿ ਐੱਨ.ਐੱਸ.ਏ. ਦੀਆਂ ਵਿਵਸਥਾਵਾਂ ਦੀ ਮਿਆਦ ਖ਼ਤਮ ਹੋਣ ਤੋਂ ਬਾਅਦ ਵੀ ਅੰਮ੍ਰਿਤਪਾਲ ਸਿੰਘ ਨੂੰ ਅਜੇ ਤੱਕ ਪੰਜਾਬ ਵਾਪਸ ਕਿਉਂ ਨਹੀਂ ਲਿਆਂਦਾ ਗਿਆ। ਮੁੱਖ ਮੰਤਰੀ ਸਵਾਲ ਸੁਣਦੇ ਹੋਏ ਦਿਖਾਈ ਦਿੱਤੇ, ਪਰ ਉਨ੍ਹਾਂ ਨੇ ਮੌਕੇ 'ਤੇ ਕੋਈ ਸਪੱਸ਼ਟ ਜਵਾਬ ਨਹੀਂ ਦਿੱਤਾ। ਇੱਕ ਅਪੀਲ ਵਿੱਚ ਬਲਵਿੰਦਰ ਕੌਰ ਨੇ ਕਿਹਾ ਕਿ ਅੰਮ੍ਰਿਤਪਾਲ ਸਿੰਘ ਵੀ ਕਿਸੇ ਦਾ ਪੁੱਤਰ ਹੈ ਅਤੇ ਮਾਨ ਨੂੰ ਇੱਕ ਮਾਂ ਦਾ ਦਰਦ ਸਮਝਣਾ ਚਾਹੀਦਾ ਹੈ। ਜਦੋਂ ਉਸ ਨੇ ਮਹਿਸੂਸ ਕੀਤਾ ਕਿ ਉਸ ਦੀਆਂ ਚਿੰਤਾਵਾਂ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ ਤਾਂ ਉਸ ਨੇ ਨਾਅਰੇਬਾਜ਼ੀ ਕਰਨੀ ਸ਼ੁਰੂ ਕਰ ਦਿੱਤੀ।

# ਸਫ਼ਾ ਤਿੰਨ ਦੀ ਬਾਕੀ

ਭਾਜਪਾ ਦੇ ਰਾਜਨੀਤਿਕ ਦਾਖ਼ਲੇ ਨਾਲ ਜੋੜਦਿਆਂ ਉਨ੍ਹਾਂ ਕਿਹਾ ਕਿ ਭਾਜਪਾ ਜਿੱਥੇ ਵੀ ਜਾਂਦੀ ਹੈ, ਚੋਣਾਂ ਤੋਂ ਪਹਿਲਾਂ ਡਰ, ਅਸ਼ਾਂਤੀ ਅਤੇ ਵੰਡੀਆਂ ਪਵਾਉਂਦੀ ਹੈ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਬੇਅਦਬੀ ਵਿਰੋਧੀ ਕਾਨੂੰਨ ਤੋਂ ਬਾਅਦ ਪੰਜਾਬ ਸਰਕਾਰ ਜਲਦੀ ਨਸ਼ਿਆਂ ਵਿਰੁੱਧ ਸਖ਼ਤ ਕਾਨੂੰਨ ਲਿਆਏਗੀ, ਜਿਸ ਤਹਿਤ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਜਾਣਗੀਆਂ ਅਤੇ ਆਸਾਨ ਜ਼ਮਾਨਤ ਪੂਰੀ ਤਰ੍ਹਾਂ ਬੰਦ ਕੀਤੀ ਜਾਵੇਗੀ।

ਜਲੰਧਰ ਤੋਂ ਸ਼ੁਕਰਾਨਾ ਯਾਤਰਾ ਦੇ ਦੂਜੇ ਦਿਨ ਦੀ ਅਗਵਾਈ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਦਮਪੁਰ ਅਤੇ ਕਰਤਾਰਪੁਰ ਵਿਖੇ ਇਕੱਠਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅਕਾਲੀ ਖ਼ੁਦ ਬੇਅਦਬੀ ਵਿੱਚ ਸ਼ਾਮਲ ਸਨ ਅਤੇ ਇਸ ਲਈ ਉਨ੍ਹਾਂ ਕੋਲ ਕਾਨੂੰਨ ਦਾ ਵਿਰੋਧ ਕਰਨ ਦਾ ਕੋਈ ਨੈਤਿਕ ਅਧਿਕਾਰ ਨਹੀਂ। ਉਨ੍ਹਾਂ ਕਿਹਾ ਕਿ ਪਹਿਲੀਆਂ ਸਰਕਾਰਾਂ ਵੀ ਕਾਨੂੰਨ ਨੂੰ ਮਜ਼ਬੂਤ ਕਰ ਸਕਦੀਆਂ ਸਨ ਪਰ ਉਨ੍ਹਾਂ ਜਾਣ-ਬੁੱਝ ਕੇ ਅਜਿਹਾ ਨਹੀਂ ਕੀਤਾ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਲੋਕ ਅਕਾਲੀਆਂ ਨੂੰ ਇਹ ਮੰਨ ਕੇ ਵੋਟ ਪਾਉਂਦੇ ਰਹੇ ਕਿ ਉਹ ਬਾਬਾ ਨਾਨਕ ਦੇ ਆਦਰਸ਼ਾਂ ਦੀ ਨੁਮਾਇੰਦਗੀ ਕਰਦੇ ਹਨ, ਪਰ ਉਨ੍ਹਾਂ ਨੇ ਗੁਰੂਆਂ ਦੀਆਂ ਪਵਿੱਤਰ ਸਿੱਖਿਆਵਾਂ ਦਾ ਨਿਰਾਦਰ ਕੀਤਾ। ਅਕਾਲੀਆਂ ਨੂੰ ਛੱਡ ਕੇ ਪੂਰੀ ਸਿੱਖ ਸੰਗਤ ਇਸ ਬੇਅਦਬੀ ਵਿਰੋਧੀ ਕਾਨੂੰਨ ਦਾ ਸਵਾਗਤ ਕਰ ਰਹੀ ਹੈ।"

ਯਾਤਰਾ ਦੌਰਾਨ ਲੋਕਾਂ ਵੱਲੋਂ ਦਿੱਤੇ ਗਏ ਅਥਾਹ ਪਿਆਰ ਅਤੇ ਸਨੇਹ ਲਈ ਧੰਨਵਾਦ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਆਪਣੇ ਆਪ ਨੂੰ ਭਾਗਸ਼ਾਲੀ ਸਮਝਦੇ ਹਨ ਕਿ ਪਰਮਾਤਮਾ ਨੇ ਉਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਬਣਾਉਣ ਦੀ ਜ਼ਿੰਮੇਵਾਰੀ ਬਖ਼ਸ਼ੀ ਹੈ। ਉਨ੍ਹਾਂ ਅੱਗੇ ਕਿਹਾ, "ਪਹਿਲਾਂ ਕੁੱਝ ਦਿਨਾਂ ਬਾਅਦ ਹੀ ਪੰਜਾਬੀਆਂ ਨੂੰ ਬੇਅਦਬੀ ਦੀਆਂ ਦਰਦਨਾਕ ਖਬਰਾਂ ਸੁਣਨੀਆਂ ਪੈਂਦੀਆਂ ਸਨ ਪਰ ਦੋਸ਼ੀ ਅਕਸਰ ਬਚ ਜਾਂਦੇ ਸਨ ਕਿਉਂਕਿ ਕਾਨੂੰਨ ਕਮਜ਼ੋਰ ਸੀ। ਲੋਕਾਂ ਦੇ ਆਸ਼ੀਰਵਾਦ ਅਤੇ ਪਰਮਾਤਮਾ ਦੀ ਮਿਹਰ ਸਦਕਾ ਸਾਨੂੰ ਇਸ ਕਾਨੂੰਨ ਨੂੰ ਮਜ਼ਬੂਤ ਕਰਨ ਦਾ ਮੌਕਾ ਮਿਲਿਆ।"

ਮੁੱਖ ਮੰਤਰੀ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਵਾਰ-ਵਾਰ ਦਾਅਵਾ ਕਰਦੀਆਂ ਰਹੀਆਂ ਹਨ ਕਿ ਇਹ ਕਾਨੂੰਨ ਕਦੇ ਵੀ ਪਾਸ ਨਹੀਂ ਹੋਵੇਗਾ, ਰਾਸ਼ਟਰਪਤੀ ਕੋਲ ਫਸ ਜਾਵੇਗਾ ਜਾਂ ਰਾਜਪਾਲ ਦੀ ਪ੍ਰਵਾਨਗੀ ਨਹੀਂ ਮਿਲੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਦੇਸ਼ ਦੇ ਸਭ ਤੋਂ ਵਧੀਆ ਕਾਨੂੰਨੀ ਮਾਹਿਰਾਂ ਨਾਲ ਸਲਾਹ-ਮਸ਼ਵਰਾ ਕੀਤਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕਾਨੂੰਨ ਸੰਵਿਧਾਨਕ ਤੌਰ 'ਤੇ ਮਜ਼ਬੂਤ ਅਤੇ ਭਵਿੱਖ ਲਈ ਢੁਕਵਾਂ ਹੋਵੇ। ਉਨ੍ਹਾਂ ਕਿਹਾ, "ਹੁਣ ਜੇ ਕੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਦਾ ਹੈ ਤਾਂ ਐਫ.ਆਈ.ਆਰ. ਤੋਂ ਬਾਅਦ ਕੋਈ ਜ਼ਮਾਨਤ ਨਹੀਂ ਹੋਵੇਗੀ। ਘੱਟੋ-ਘੱਟ ਸਜ਼ਾ 10 ਸਾਲ ਦੀ ਕੈਦ ਹੋਵੇਗੀ ਅਤੇ ਇਹ ਉਮਰ ਕੈਦ ਤੱਕ ਵਧ ਸਕਦੀ ਹੈ। ਨਾਲ ਹੀ 50 ਲੱਖ ਰੁਪਏ ਤੱਕ ਦਾ ਜੁਰਮਾਨਾ ਵੀ ਹੋ ਸਕਦਾ ਹੈ।"

ਭਾਜਪਾ 'ਤੇ ਨਿਸ਼ਾਨਾ ਸਾਧਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜਿੱਥੇ ਵੀ ਭਾਜਪਾ ਸੱਤਾ ਵਿੱਚ ਆਉਂਦੀ ਹੈ, ਉਹ ਗਰੀਬਾਂ ਅਤੇ ਆਮ ਲੋਕਾਂ ਲਈ ਬਣਾਈਆਂ ਭਲਾਈ ਯੋਜਨਾਵਾਂ ਨੂੰ ਬੰਦ ਕਰ ਦਿੰਦੀ ਹੈ। ਉਨ੍ਹਾਂ ਕਿਹਾ, "ਉਨ੍ਹਾਂ ਨੇ ਦਿੱਲੀ ਵਿੱਚ ਮੁਹੱਲਾ ਕਲੀਨਿਕ ਬੰਦ ਕਰ ਦਿੱਤੇ ਅਤੇ ਜੇ ਉਹ ਪੰਜਾਬ ਆਉਂਦੇ ਹਨ ਤਾਂ ਉਹ ਇੱਥੇ ਵੀ ਅਜਿਹਾ ਹੀ ਕਰਨਗੇ। ਇਹ ਪਾਰਟੀਆਂ ਲੋਕ-ਪੱਖੀ ਪਹਿਲਕਦਮੀਆਂ ਦੇ ਵਿਰੁੱਧ ਹਨ ਅਤੇ ਲੋਕ ਭਲਾਈ ਪ੍ਰਤੀ ਸੌੜੀ ਮਾਨਸਿਕਤਾ ਰੱਖਦੀਆਂ ਹਨ।"

ਉਨ੍ਹਾਂ ਅੱਗੇ ਐਲਾਨ ਕੀਤਾ ਕਿ ਸਖ਼ਤ ਬੇਅਦਬੀ ਵਿਰੋਧੀ ਕਾਨੂੰਨ ਬਣਾਉਣ ਤੋਂ ਬਾਅਦ ਪੰਜਾਬ ਸਰਕਾਰ ਹੁਣ ਨਸ਼ਿਆਂ ਦੇ ਖ਼ਤਰੇ ਵਿਰੁੱਧ ਹੋਰ ਵੀ ਸਖ਼ਤ ਕਾਨੂੰਨ ਲਿਆਏਗੀ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਨਸ਼ਾ ਤਸਕਰਾਂ ਨੂੰ ਸਰਪ੍ਰਸਤੀ ਦਿੱਤੀ, ਜਿਸ ਨਾਲ ਇਹ ਬੁਰਾਈ ਪੂਰੇ ਪੰਜਾਬ ਵਿੱਚ ਫੈਲੀ। ਉਨ੍ਹਾਂ ਆਖਿਆ, "ਹੁਣ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਜਾਣਗੀਆਂ, ਉਨ੍ਹਾਂ ਨੂੰ ਸਖ਼ਤ ਸਜ਼ਾ ਦਾ ਸਾਹਮਣਾ ਕਰਨਾ ਪਵੇਗਾ ਅਤੇ ਹੁਣ ਆਸਾਨੀ ਨਾਲ ਜ਼ਮਾਨਤ ਸੰਭਵ ਨਹੀਂ ਰਹੇਗੀ। ਪਹਿਲਾਂ ਬਹੁਤ ਸਾਰੇ ਮੁਲਜ਼ਮਾਂ ਨੂੰ ਸਿੱਧੇ ਥਾਣਿਆਂ ਤੋਂ ਜ਼ਮਾਨਤ ਵੀ ਮਿਲ ਜਾਂਦੀ ਸੀ। ਇਹ ਪ੍ਰਣਾਲੀ ਖ਼ਤਮ ਹੋ ਜਾਵੇਗੀ।"

ਲੋਕਾਂ ਨਾਲ ਭਾਵਨਾਤਮਕ ਸਾਂਝ ਪਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਵਿੱਚ ਭਾਈਚਾਰਕ ਸਾਂਝ ਕਦੇ ਵੀ ਟੁੱਟ ਨਹੀਂ ਸਕਦੀ। ਉਨ੍ਹਾਂ ਕਿਹਾ, "ਪੰਜਾਬ ਦੀ ਮਿੱਟੀ ਉਪਜਾਊ ਹੈ ਅਤੇ ਇੱਥੇ ਹਰ ਬੀਜ ਉੱਗ ਸਕਦਾ ਹੈ, ਪਰ ਇਸ ਧਰਤੀ 'ਤੇ ਨਫ਼ਰਤ ਦਾ ਬੀਜ ਕਦੇ ਨਹੀਂ ਪੁੰਗਰ ਸਕਦਾ। ਭਾਜਪਾ ਅਤੇ ਅਕਾਲੀ ਦਲ ਵੋਟਾਂ ਲਈ ਸਿੱਖਾਂ ਅਤੇ ਹਿੰਦੂਆਂ ਨੂੰ ਵੰਡਣ ਦੀ ਕੋਸ਼ਿਸ਼ ਕਰਦੇ ਹਨ, ਪਰ ਪੰਜਾਬੀਆਂ ਨੇ ਹਮੇਸ਼ਾ ਅਜਿਹੀ ਰਾਜਨੀਤੀ ਨੂੰ ਰੱਦ ਕੀਤਾ ਹੈ।"

ਜਲੰਧਰ ਅਤੇ ਅੰਮ੍ਰਿਤਸਰ ਵਿੱਚ ਹਾਲ ਹੀ ਵਿੱਚ ਹੋਏ ਧਮਾਕਿਆਂ ਦਾ ਹਵਾਲਾ ਦਿੰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਘਟਨਾਵਾਂ ਪੰਜਾਬ ਵਿੱਚ ਭਾਜਪਾ ਦੇ ਸਿਆਸੀ ਦਾਖ਼ਲੇ ਦਾ ਸੰਕੇਤ ਹਨ। ਉਨ੍ਹਾਂ ਕਿਹਾ, "ਭਾਜਪਾ ਜਿੱਥੇ ਵੀ ਜਾਂਦੀ ਹੈ, ਉੱਥੇ ਅਸ਼ਾਂਤੀ ਤੇ ਡਰ ਫੈਲਾਉਂਦੀ ਹੈ। ਉਹ ਸਿੱਖਾਂ ਅਤੇ ਹਿੰਦੂਆਂ ਨੂੰ ਆਪਸ ਵਿੱਚ ਲੜਾਉਣ ਦੀ ਕੋਸ਼ਿਸ਼ ਕਰਦੇ ਹਨ, ਪਰ ਪੰਜਾਬੀ ਇਸ ਜਾਲ ਵਿੱਚ ਨਹੀਂ ਫਸਣਗੇ। ਅਤਿਵਾਦ ਦੇ ਸਭ ਤੋਂ ਕਾਲੇ ਦਿਨਾਂ ਦੌਰਾਨ ਵੀ ਪੰਜਾਬ ਦੀ ਭਾਈਚਾਰਕ ਸਾਂਝ ਬਰਕਰਾਰ ਰਹੀ ਅਤੇ ਲੋਕਾਂ ਨੇ ਇਕੱਠੇ ਤਿਉਹਾਰ ਮਨਾਏ।"

ਲੋਕਾਂ ਨੂੰ ਫੁੱਟਪਾਊ ਰਾਜਨੀਤੀ ਤੋਂ ਬਚਣ ਦੀ ਚੇਤਾਵਨੀ ਦਿੰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਪਹਿਲਾਂ ਹੀ ਕਾਫ਼ੀ ਕਾਲੇ ਦਿਨ ਦੇਖ ਚੁੱਕਾ ਹੈ ਅਤੇ ਹੁਣ ਵਿਕਾਸ ਤੇ ਤਰੱਕੀ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ, "ਪਹਿਲੀ ਵਾਰ ਪੰਜਾਬ ਵਿੱਚ ਵਿਸ਼ਵ ਪੱਧਰੀ ਸਕੂਲ ਅਤੇ ਹਸਪਤਾਲ ਬਣਾਏ ਜਾ ਰਹੇ ਹਨ। ਅਸੀਂ ਰੰਗਲਾ ਪੰਜਾਬ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹਾਂ ਅਤੇ ਇਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।"

ਕਰਤਾਰਪੁਰ ਵਿਖੇ ਇਕ ਹੋਰ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਭਾਜਪਾ ਚੋਣਾਂ ਤੋਂ ਪਹਿਲਾਂ ਪੰਜਾਬ ਨੂੰ ਅਸਥਿਰਤਾ ਅਤੇ ਡਰ ਵਿੱਚ ਧੱਕਣ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਸ਼ਾਂਤੀ ਪਸੰਦ ਪੰਜਾਬੀ ਉਨ੍ਹਾਂ ਨੂੰ ਢੁਕਵਾਂ ਜਵਾਬ ਦੇਣਗੇ। ਉਨ੍ਹਾਂ ਕਿਹਾ, "ਚੋਣਾਂ ਤੋਂ ਪਹਿਲਾਂ ਭਾਜਪਾ ਆਗੂ ਵੰਡੀਆਂ ਪਾਉਣ ਅਤੇ ਲੋਕਾਂ ਨੂੰ ਆਪਸ ਵਿੱਚ ਲੜਾਉਣ ਦੀ ਕੋਸ਼ਿਸ਼ ਕਰਦੇ ਹਨ, ਪਰ ਅਜਿਹੀ ਗੰਦੀ ਰਾਜਨੀਤੀ ਪੰਜਾਬ ਵਿੱਚ ਕਦੇ ਵੀ ਸਫ਼ਲ ਨਹੀਂ ਹੋਵੇਗੀ।"

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੀ ਖ਼ੁਸ਼ਹਾਲੀ ਅਤੇ ਵਿਕਾਸ ਲਈ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ 'ਕੱਟਾਂ ਅਤੇ ਕਮਿਸ਼ਨਾਂ' ਦਾ ਯੁੱਗ ਖ਼ਤਮ ਹੋ ਗਿਆ ਹੈ, ਜਿਸ ਨਾਲ ਉਦਯੋਗਪਤੀਆਂ ਦਾ ਵਿਸ਼ਵਾਸ ਵਧਿਆ ਹੈ। ਉਨ੍ਹਾਂ ਟਿੱਪਣੀ ਕੀਤੀ ਕਿ "ਟਾਟਾ ਸਟੀਲ, ਗੋਦਰੇਜ ਅਤੇ ਕਈ ਹੋਰ ਕੰਪਨੀਆਂ ਪੰਜਾਬ ਵਿੱਚ ਪ੍ਰਾਜੈਕਟ ਸਥਾਪਤ ਕਰ ਰਹੀਆਂ ਹਨ, ਜਦੋਂ ਕਿ ਪਿਛਲੀਆਂ ਸਰਕਾਰਾਂ ਢਾਬਿਆਂ ਵਾਲਿਆਂ ਤੋਂ ਵੀ ਕਮਿਸ਼ਨ ਮੰਗਦੀਆਂ ਸਨ।"

ਪੰਜਾਬ ਸਰਕਾਰ ਦੀਆਂ ਭਲਾਈ ਪਹਿਲਕਦਮੀਆਂ ਬਾਰੇ ਗੱਲ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਲਗਪਗ 90 ਫੀਸਦੀ ਘਰਾਂ ਦੇ ਬਿਜਲੀ ਬਿੱਲ ਜ਼ੀਰੋ ਆ ਰਹੇ ਹਨ, ਨਹਿਰਾਂ ਤੇ ਪਾਣੀ ਦੀਆਂ ਨਾਲੀਆਂ ਬਹਾਲ ਕਰ ਦਿੱਤੀਆਂ ਗਈਆਂ ਹਨ ਅਤੇ ਕਿਸਾਨਾਂ ਨੂੰ ਦਿਨ ਵੇਲੇ ਨਿਰਵਿਘਨ ਬਿਜਲੀ ਸਪਲਾਈ ਮਿਲ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ 65,000 ਤੋਂ ਵੱਧ ਸਰਕਾਰੀ ਨੌਕਰੀਆਂ ਬਿਨਾਂ ਕਿਸੇ ਸਿਫ਼ਾਰਸ਼ ਜਾਂ ਭ੍ਰਿਸ਼ਟਾਚਾਰ ਦੇ ਸਿਰਫ਼ ਯੋਗਤਾ ਦੇ ਆਧਾਰ 'ਤੇ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ, "ਕਰਦਾਤਾਵਾਂ ਦਾ ਪੈਸਾ ਲੋਕਾਂ ਦਾ ਹੈ ਅਤੇ ਅਸੀਂ ਇਸ ਨੂੰ ਇਮਾਨਦਾਰੀ ਨਾਲ ਸਕੂਲਾਂ, ਹਸਪਤਾਲਾਂ, ਸੜਕਾਂ ਅਤੇ ਵਿਕਾਸ ਕਾਰਜਾਂ 'ਤੇ ਖ਼ਰਚ ਰਹੇ ਹਾਂ।"

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲੋਕਾਂ ਨੂੰ ਮੁੱਖ ਮੰਤਰੀ ਸਿਹਤ ਯੋਜਨਾ ਅਧੀਨ ਦਾ ਲਾਭ ਉਠਾਉਣ ਦੀ ਅਪੀਲ ਵੀ ਕੀਤੀ, ਜੋ ਪੰਜਾਬ ਦੇ ਹਰੇਕ ਪਰਿਵਾਰ ਲਈ 10 ਲੱਖ ਰੁਪਏ ਤੱਕ ਦਾ ਨਕਦ ਰਹਿਤ ਇਲਾਜ ਪ੍ਰਦਾਨ ਕਰਦੀ ਹੈ। ਉਨ੍ਹਾਂ ਕਿਹਾ, "ਹਰ ਪਰਿਵਾਰ ਲਈ ਮਿਆਰੀ ਸਿਹਤ ਸੰਭਾਲ ਯਕੀਨੀ ਬਣਾਉਣ ਲਈ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਨੂੰ ਇਸ ਯੋਜਨਾ ਅਧੀਨ ਸੂਚੀਬੱਧ ਕੀਤਾ ਗਿਆ ਹੈ।"

ਮਾਵਾਂ-ਧੀਆਂ ਸਤਿਕਾਰ ਯੋਜਨਾ ਬਾਰੇ ਬੋਲਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਹੋਰ ਸ਼੍ਰੇਣੀਆਂ ਦੇ ਪਰਿਵਾਰਾਂ ਦੀਆਂ ਔਰਤਾਂ ਨੂੰ ਪ੍ਰਤੀ ਮਹੀਨਾ 1,000 ਰੁਪਏ ਅਤੇ ਅਨੁਸੂਚਿਤ ਜਾਤੀ ਦੇ ਪਰਿਵਾਰਾਂ ਦੀਆਂ ਔਰਤਾਂ ਨੂੰ ਪ੍ਰਤੀ ਮਹੀਨਾ 1,500 ਰੁਪਏ ਦੇਣ ਦੀ ਯੋਜਨਾ ਸ਼ੁਰੂ ਕੀਤੀ ਹੈ। ਉਨ੍ਹਾਂ ਅੱਗੇ ਕਿਹਾ, "ਇਹ ਰਕਮ ਕਿਸੇ ਨੂੰ ਅਮੀਰ ਤਾਂ ਨਹੀਂ ਬਣਾ ਸਕਦੀ, ਪਰ ਇਹ ਯਕੀਨੀ ਤੌਰ 'ਤੇ ਪਰਿਵਾਰਾਂ ਦੀ ਮਦਦ ਕਰੇਗੀ ਅਤੇ ਔਰਤਾਂ ਨੂੰ ਮਾਣ ਨਾਲ ਜਿਊਣ ਦਾ ਅਧਿਕਾਰ ਦੇਵੇਗੀ।"

## ਪੰਜਾਬ ਦੇ ਕਈ ਜ਼ਿਲ੍ਹਿਆਂ ਲਈ ਮੀਂਹ

ਤੱਕ ਤੇਜ਼ ਹਵਾਵਾਂ ਵੀ ਚੱਲ ਸਕਦੀਆਂ ਹਨ। ਮੌਸਮ ਵਿਭਾਗ ਨੇ 11 ਮਈ ਨੂੰ ਮੌਸਮ ਵਿੱਚ ਇੱਕ ਹੋਰ ਬਦਲਾਅ ਦੀ ਭਵਿੱਖਬਾਣੀ ਕੀਤੀ ਹੈ। ਵਿਭਾਗ ਨੇ ਕਈ ਜ਼ਿਲ੍ਹਿਆਂ ਲਈ ਯੈਲੋ ਅਲਰਟ ਜਾਰੀ ਕੀਤਾ ਹੈ। ਇਸ ਦਿਨ ਮੀਂਹ, ਬਿਜਲੀ ਅਤੇ ਤੇਜ਼

ਹਵਾਵਾਂ ਦੀ ਵੀ ਉਮੀਦ ਹੈ। ਤਾਪਮਾਨ ਵੀ ਡਿੱਗ ਸਕਦਾ ਹੈ। ਮੌਸਮ ਵਿਭਾਗ ਨੇ ਇਨ੍ਹਾਂ ਮੀਂਹ ਵਾਲੇ ਦਿਨਾਂ ਲਈ ਅਲਰਟ ਜਾਰੀ ਕੀਤਾ ਹੈ। ਵਿਭਾਗ ਮੁਤਾਬਕ ਇਨ੍ਹਾਂ ਜ਼ਿਲ੍ਹਿਆਂ ਵਿੱਚ ਮੀਂਹ ਅਤੇ ਗੜੇਮਾਰੀ ਦੀ ਸੰਭਾਵਨਾ ਹੈ। ਵਿਭਾਗ ਨੇ ਕਿਸਾਨਾਂ ਨੂੰ ਸਾਵਧਾਨ ਰਹਿਣ ਦੀ ਸਲਾਹ ਵੀ ਦਿੱਤੀ ਹੈ।

## ਅੰਮ੍ਰਿਤਪਾਲ ਸਿੰਘ ਮਾਮਲੇ ਦੀ ਅਦਾਲਤ

## 'ਚ ਸੁਣਵਾਈ, ਡਿਸਚਾਰਜ

ਗਏ ਚਾਰਜਾਂ ਨੂੰ ਬੇਬੁਨਿਆਦ ਦੱਸਦਿਆਂ ਉਨ੍ਹਾਂ ਨੂੰ ਡਿਸਚਾਰਜ ਕਰਨ ਦੀ ਮੰਗ ਕੀਤੀ ਗਈ ਹੈ। ਵਕੀਲ ਨੇ ਦੱਸਿਆ ਕਿ ਉਨ੍ਹਾਂ ਨੇ ਚਲਾਨ ਅਤੇ ਕੇਸ ਨਾਲ ਜੁੜੇ ਸਾਰੇ ਦਸਤਾਵੇਜ਼ਾਂ ਦਾ ਅਧਿਐਨ ਕਰਨ ਤੋਂ ਬਾਅਦ ਅਦਾਲਤ ਵਿੱਚ ਵਿਸਥਾਰ ਨਾਲ ਆਪਣੀ ਅਰਜ਼ੀ ਦਾਇਰ ਕੀਤੀ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਧਾਰਾਵਾਂ ਤਹਿਤ ਚਾਰਜ ਲਗਾਏ ਗਏ ਹਨ, ਉਹ ਤੱਥਾਂ ਅਤੇ ਸਬੂਤਾਂ ਦੇ ਆਧਾਰ 'ਤੇ ਠੀਕ ਨਹੀਂ ਬਣਦੇ ਅਤੇ ਇਸ ਲਈ ਅਦਾਲਤ ਨੂੰ ਅੰਮ੍ਰਿਤਪਾਲ ਸਿੰਘ ਨੂੰ ਇਨ੍ਹਾਂ ਚਾਰਜਾਂ ਤੋਂ ਬਰੀ ਕਰਨਾ ਚਾਹੀਦਾ ਹੈ। ਸੰਧੂ ਨੇ ਦੱਸਿਆ ਕਿ ਅਦਾਲਤ ਵੱਲੋਂ ਹੁਣ ਇਸ ਅਰਜ਼ੀ 'ਤੇ ਸਟੇਟ ਨੂੰ ਜਵਾਬ ਦਾਇਰ ਕਰਨ ਲਈ ਸਮਾਂ ਦਿੱਤਾ ਗਿਆ ਹੈ। ਸਟੇਟ ਪੱਖ ਵੱਲੋਂ 11 ਮਈ ਨੂੰ ਆਪਣਾ ਰਿਪਲਾਈ ਫਾਈਲ ਕੀਤਾ ਜਾਵੇਗਾ, ਜਿਸ ਤੋਂ ਬਾਅਦ ਅਗਲੀ ਕਾਰਵਾਈ ਅਦਾਲਤ ਵੱਲੋਂ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਅੰਮ੍ਰਿਤਪਾਲ ਸਿੰਘ ਦੀ ਹਾਜ਼ਰੀ ਲਗਾਤਾਰ ਵੀਡੀਓ ਕਾਨਫਰੰਸਿੰਗ ਰਾਹੀਂ ਲਗਾਈ ਜਾ ਰਹੀ ਹੈ। ਵਕੀਲ ਮੁਤਾਬਕ ਉਹ ਇਸ ਸਮੇਂ ਵੀ ਉਸੇ ਸੈੱਲ ਵਿੱਚ ਹਨ, ਜਿੱਥੇ ਪਹਿਲਾਂ ਰੱਖੇ ਗਏ ਸਨ ਅਤੇ ਉਨ੍ਹਾਂ ਦੀ ਸਥਿਤੀ ਵਿੱਚ ਕੋਈ ਵੱਡਾ ਬਦਲਾਅ ਨਹੀਂ ਕੀਤਾ ਗਿਆ।

ਵਕੀਲ ਨੇ ਕਿਹਾ ਕਿ ਅਦਾਲਤੀ ਕਾਰਵਾਈ ਦੌਰਾਨ ਭਾਈ ਅੰਮ੍ਰਿਤਪਾਲ ਸਿੰਘ ਦੀ ਹਾਜ਼ਰੀ ਹਰ ਤਰੀਕ 'ਤੇ ਵੀਡੀਓ ਕਾਨਫਰੰਸਿੰਗ ਜ਼ਰੀਏ ਦਰਜ ਹੁੰਦੀ ਹੈ ਅਤੇ ਕਾਨੂੰਨੀ ਪ੍ਰਕਿਰਿਆ ਅਨੁਸਾਰ ਹੀ ਸਾਰੀ ਕਾਰਵਾਈ ਚੱਲ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਜਾਂਚ ਦੌਰਾਨ ਕੋਈ ਨਵੀਂ ਗੰਭੀਰ ਗੱਲ ਸਾਹਮਣੇ ਨਹੀਂ ਆਈ ਅਤੇ ਕਾਨੂੰਨੀ ਤੌਰ 'ਤੇ ਉਹ ਆਪਣਾ ਪੱਖ ਮਜ਼ਬੂਤੀ ਨਾਲ ਅਦਾਲਤ ਅੱਗੇ ਰੱਖ ਰਹੇ ਹਨ।

## ਬੰਗਾਲ ਦੀ ਵਿਧਾਨ ਸਭਾ ਭੰਗ

ਸ਼ੁੱਕਰਵਾਰ ਨੂੰ ਵਿਧਾਇਕ ਦਲ ਦੇ ਨੇਤਾ ਦੀ ਚੋਣ ਕੀਤੀ ਜਾਵੇਗੀ। 9 ਮਈ ਨੂੰ ਰਬਿੰਦਰ ਜਯੰਤੀ ਦੇ ਮੌਕੇ 'ਤੇ ਕੋਲਕਾਤਾ ਦੇ ਬ੍ਰਿਗੇਡ ਮੈਦਾਨ ਵਿੱਚ ਨਵੀਂ ਸਰਕਾਰ ਦਾ ਸਹੁੰ ਚੁੱਕ ਸਮਾਗਮ ਹੋਵੇਗਾ। ਇਸ ਸਮਾਗਮ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਤੇ ਕਈ ਸੂਬਿਆਂ ਦੇ ਮੁੱਖ ਮੰਤਰੀਆਂ ਦੇ ਸ਼ਾਮਲ ਹੋਣ ਦੀ ਉਮੀਦ ਹੈ। ਸੁਰੱਖਿਆ ਦੇ ਮੱਦੇਨਜ਼ਰ ਬ੍ਰਿਗੇਡ ਮੈਦਾਨ ਦੇ ਬਾਹਰ ਕੇਂਦਰੀ ਬਲਾਂ ਦੀ ਤਾਇਨਾਤੀ ਕੀਤੀ ਗਈ ਹੈ।

## ਵਿਜੇ ਨੂੰ ਰਾਜਪਾਲ ਨੇ ਮੁੜ ਖਾਲੀ ਹੱਥ ਭੇਜਿਆ ਵਾਪਸ !

ਡੀ.ਐਮ.ਕੇ. ਦੀ ਅਗਵਾਈ ਵਾਲੇ ਗੱਠਜੋੜ ਦੇ ਹਿੱਸੇ ਵਜੋਂ ਚੋਣਾਂ ਲੜਨ ਵਾਲੀ ਕਾਂਗਰਸ ਨੇ ਪੱਖ ਬਦਲਿਆ ਅਤੇ ਸਰਕਾਰ ਬਣਾਉਣ ਲਈ ਵਿਜੇ ਦਾ ਸਮਰਥਨ ਕੀਤਾ। ਅਜਿਹਾ ਕਰਕੇ ਕਾਂਗਰਸ ਨੇ ਟੀ.ਵੀ.ਕੇ. ਦੀ 107 ਦੀ ਪ੍ਰਭਾਵਸ਼ਾਲੀ ਤਾਕਤ ਵਿੱਚ ਆਪਣੇ ਪੰਜ ਵਿਧਾਇਕਾਂ ਦਾ ਸਮਰਥਨ ਜੋੜਿਆ। ਹਾਲਾਂਕਿ, 234 ਮੈਂਬਰੀ ਵਿਧਾਨ ਸਭਾ ਵਿੱਚ ਬਹੁਮਤ ਲਈ ਲੋੜੀਂਦੇ 118 ਦੇ ਅੰਕੜੇ ਤੱਕ ਪਹੁੰਚਣ ਲਈ ਟੀ.ਵੀ.ਕੇ. ਕੋਲ ਅਜੇ ਵੀ ਘੱਟ ਗਿਣਤੀ ਹੈ। 118 ਵਿਧਾਇਕ ਹੋਣ ਤੋਂ ਬਾਅਦ ਹੀ ਵਿਜੈ ਮੁੱਖ ਮੰਤਰੀ ਦੇ ਅਹੁਦੇ ਦੀ ਸਹੁੰ ਚੁੱਕ ਸਕਦੇ ਹਨ। ਇਸ ਸਬੰਧ ਵਿਚ ਟੀ.ਵੀ.ਕੇ. ਦੇ ਨੇਤਾ ਵੀ.ਐਸ. ਬਾਬੂ ਤੋਂ ਜਦੋਂ ਸਹੁੰ ਚੁੱਕ ਸਮਾਗਮ ਅਤੇ ਸਰਕਾਰ ਦੇ ਗਠਨ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਪੱਤਰਕਾਰਾਂ ਨੂੰ ਕਿਹਾ,'ਇਹ ਜਲਦੀ ਹੀ ਹੋਵੇਗਾ ਅਤੇ ਅਸੀਂ ਦੇਖਾਂਗੇ ਕਿ ਅੱਗੇ ਕੀ ਹੁੰਦਾ ਹੈ।' ਜਦੋਂ ਉਨ੍ਹਾਂ ਨੂੰ ਕੇਂਦਰ ਸਰਕਾਰ ਦੇ ਕਥਿਤ ਦਬਾਅ ਬਾਰੇ ਪੁੱਛਿਆ ਗਿਆ, ਤਾਂ ਉਨ੍ਹਾਂ ਕਿਹਾ ਕਿ ਉਹ ਉਨ੍ਹਾਂ ਮਾਮਲਿਆਂ 'ਤੇ ਟਿੱਪਣੀ ਨਹੀਂ ਕਰਨਗੇ, ਜਿਨ੍ਹਾਂ ਬਾਰੇ ਉਹ ਜਾਣੂ ਨਹੀਂ ਹਨ। ਬਾਬੂ ਨੇ ਕਿਹਾ,'ਮੈਂ ਉਨ੍ਹਾਂ ਚੀਜ਼ਾਂ ਬਾਰੇ ਗੱਲ ਨਹੀਂ ਕਰਾਂਗਾ, ਜਿਨ੍ਹਾਂ ਬਾਰੇ ਮੈਨੂੰ ਨਹੀਂ ਪਤਾ।'

## ਕੈਨੇਡਾ ਰਹਿੰਦੇ ਬੱਚਿਆਂ ਦੇ ਮਾਪਿਆਂ ਵੱਲੋਂ ਖ਼ੁਦਕੁਸ਼ੀ

ਉਹ ਅਪਣੀ ਜ਼ਿੰਦਗੀ ਤੋਂ ਦੁਖੀ ਹੋ ਕੇ ਇਹ ਕਦਮ ਚੁੱਕ ਰਹੇ ਹਨ ਅਤੇ ਕਿਸੇ ਦੋਸਤ ਜਾਂ ਰਿਸ਼ਤੇਦਾਰ ਨੂੰ ਤੰਗ ਨਾ ਕੀਤਾ ਜਾਵੇ। ਉਨ੍ਹਾਂ ਅਪਣੇ ਬੱਚਿਆਂ ਤੋਂ ਮੁਆਫ਼ੀ ਵੀ ਮੰਗੀ ਹੈ। ਪੁਲਿਸ ਵਲੋਂ ਸੁਸਾਈਡ ਨੋਟ ਕਬਜ਼ੇ ਵਿਚ ਲੈ ਕੇ ਦੋਵਾਂ ਲਾਸ਼ਾਂ ਦਾ ਪੋਸਟਮਾਰਟਮ ਕਰਵਾ ਕੇ ਪਰਿਵਾਰ ਨੂੰ ਸੌਂਪ ਦਿਤਾ ਗਿਆ ਹੈ।

## ਬੇਅਦਬੀਆਂ ਸਬੰਧੀ ਕਾਨੂੰਨ ਦੀ ਸ਼ਬਦਾਵਲੀ

ਉਨ੍ਹਾਂ ਕਿਹਾ ਕਿ ਸਿੱਖ ਪ੍ਰੰਪਰਾ ਅਤੇ ਮਰਯਾਦਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਿਰਾਜਮਾਨ ਕਰਨ ਲਈ ਸੁਖਆਸਣ ਅਤੇ ਸੱਚਖੰਡ ਅਸਥਾਨ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜਾਗਤ ਜੋਤ ਗੁਰੂ ਹਨ, ਜਿਸ ਨੂੰ ਸਟੋਰ ਕੀਤੇ ਜਾਣ ਦੀ ਸ਼ਬਦਾਵਲੀ ਕਿਸੇ ਵੀ ਤਰ੍ਹਾਂ ਪ੍ਰਵਾਨ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਸਰਕਾਰ ਦਾ ਇਹ ਐਕਟ ਨੌਜੁਆਨਾਂ ਨੂੰ ਧਾਰਮਿਕ ਜ਼ੁੰਮੇਵਾਰੀਆਂ ਤੋਂ ਦੂਰ ਰੱਖਣ ਦਾ ਕਾਰਨ ਬਣੇਗਾ, ਜੋ ਕੌਮ ਦੇ ਕਦੇ ਵੀ ਹਿੱਤ ਨਹੀਂ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਦੇ ਕੁਝ ਹਿੱਸੇ ਨੂੰ ਭਾਵੁਕ ਹੋ ਕੇ ਇਸ ਐਕਟ ਦੀ ਹਰ ਮੱਧ ਦੀ ਪ੍ਰੋੜਤਾ ਨਹੀਂ ਕਰਨੀ ਚਾਹੀਦੀ।

ਇਸ ਇਕੱਤਰਤਾ ਦੌਰਾਨ ਸੰਬੋਧਨ ਕਰਦਿਆਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਾਸ ਕੀਤਾ ਗਿਆ ਇਹ ਕਾਨੂੰਨ ਜਿਥੇ ਸਿੱਖ ਸੰਸਥਾਵਾਂ ਵਿਚ ਸਿੱਧੀ ਦਖ਼ਲਅੰਦਾਜ਼ੀ ਹੈ, ਉਥੇ ਸਿੱਖ ਸੰਗਤਾਂ ਅੰਦਰ ਵੀ ਵੱਡੇ ਸ਼ੰਕੇ ਪੈਦਾ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀ ਨੀਅਤ ਤਾਂ ਇਸ ਗੱਲ ਤੋਂ ਹੀ ਸਪੱਸ਼ਟ ਹੈ ਕਿ ਪੰਜਾਬੀ ਬੋਲਦੇ ਸੂਬੇ ਅੰਦਰ ਹੀ ਇਸ ਦਾ ਤਰਜ਼ਮਾ ਪੰਜਾਬੀ ਵਿਚ ਮੌਜੂਦ ਨਹੀਂ ਹੈ। ਵੱਖ-ਵੱਖ ਬੁਲਾਰਿਆਂ ਦੇ ਵਿਚਾਰ ਜਾਨਣ ਮਗਰੋਂ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਬਣਾਇਆ ਗਿਆ "ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026" ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਥਾਂ ਗੁਰੂ ਗ੍ਰੰਥ ਅਤੇ ਗੁਰੂ ਪੰਥ ਨੂੰ ਹੀ ਚੁਣੌਤੀ ਦੇਣ ਵਾਲੀ ਸਿਆਸੀ ਸਾਜ਼ਿਸ਼ ਹੈ। ਖ਼ਾਲਸਾ ਪੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇ ਹੱਕ ਵਿਚ ਹੈ ਅਤੇ ਅਜਿਹੇ ਕਿਸੇ ਵੀ ਕਾਨੂੰਨ ਦਾ ਵਿਰੋਧ ਨਹੀਂ ਕਰਦਾ, ਜੋ ਬੇਅਦਬੀ ਕਰਨ ਵਾਲਿਆਂ ਨੂੰ ਕਰੜੀਆਂ ਸਜ਼ਾਵਾਂ ਦਿੰਦਾ ਹੋਵੇ, ਲੇਕਿਨ ਇਹ ਹਰਗਿਜ਼ ਪ੍ਰਵਾਨ ਨਹੀਂ ਹੈ ਕਿ ਸਰਕਾਰ ਸਿੱਖ ਸੰਸਥਾਵਾਂ, ਗੁਰਦੁਆਰਾ ਕਮੇਟੀਆਂ ਅਤੇ ਪੰਥ ਦੇ ਮਾਮਲਿਆਂ ਵਿਚ ਸਰਕਾਰੀ ਦਖ਼ਲਅੰਦਾਜ਼ੀ ਦਾ ਰਾਹ ਪੱਧਰਾ ਕਰੇ। ਉਨ੍ਹਾਂ ਕਿਹਾ ਕਿ ਅੱਜ ਦੇ ਇਕੱਠ ਨੇ ਸਰਕਾਰ ਦੀ ਇਸ ਸਿਆਸੀ ਚਾਲ ਦਾ ਵਿਰੋਧ ਕਰਦਿਆਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਇਸ ਬਾਰੇ ਗੰਭੀਰ ਵਿਚਾਰ ਕਰਕੇ ਆਦੇਸ਼ ਦੇਣ ਦੀ ਅਪੀਲ ਕੀਤੀ ਹੈ, ਜੋ ਵੀ ਫੈਸਲਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਕੀਤਾ ਜਾਵੇਗਾ ਸਮੁੱਚੇ ਖ਼ਾਲਸਾ ਪੰਥ ਨੂੰ ਪ੍ਰਵਾਨ ਹੋਵੇਗਾ।

ਉਨ੍ਹਾਂ ਕਿਹਾ ਕਿ ਇਸ ਐਕਟ ਵਿਚ ਬਹੁਤ ਸਾਰੇ ਸ਼ਬਦ ਸਿੱਖ ਭਾਵਨਾਵਾਂ ਦੇ ਵਿਰੁੱਧ ਹਨ ਅਤੇ ਸਿੱਖ ਭਾਵਨਾਵਾਂ ਦੇ ਮੱਦੇਨਜ਼ਰ ਸਰਕਾਰ ਨੂੰ ਇਸ ਕਾਨੂੰਨ ਬਾਰੇ ਮੁੜ ਪੜਚੋਲ ਕਰਨੀ ਚਾਹੀਦੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਸਿੱਖ ਸੰਸਥਾਵਾਂ ਨਾਲ ਵਿਚਾਰ ਕਰਕੇ ਜ਼ਰੂਰੀ ਸੋਧਾਂ ਕਰਨੀਆਂ ਚਾਹੀਦੀਆਂ ਹਨ।

ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਨਿਸ਼ਾਨ ਸਿੰਘ, ਪ੍ਰਚਾਰਕ ਭਾਈ ਸੁਖਵਿੰਦਰ ਸਿੰਘ ਰਾਠੌਰ, ਮੈਨੇਜਰ ਗੁਰਦੀਪ ਸਿੰਘ ਕੰਗ, ਗ੍ਰੰਥੀ ਸਭਾਵਾਂ ਵੱਲੋਂ ਭਾਈ ਜਸਮੇਰ ਸਿੰਘ ਛਾਜਲਾ ਨੇ ਵੀ ਸੰਬੋਧਨ ਕੀਤਾ। ਸਟੇਜ ਦੀ ਸੇਵਾ ਹੈੱਡ ਪ੍ਰਚਾਰਕ ਭਾਈ ਸਰਬਜੀਤ ਸਿੰਘ ਢੋਟੀਆਂ ਵੱਲੋਂ ਨਿਭਾਈ ਗਈ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਸੁਰਜੀਤ ਸਿੰਘ ਭਿੱਟੇਵੱਡ, ਭਾਈ ਗੁਰਬਖ਼ਸ਼ ਸਿੰਘ ਖ਼ਾਲਸਾ, ਭਾਈ ਅਜੈਬ ਸਿੰਘ ਅਭਿਆਸੀ, ਗੁਰਮੀਤ ਸਿੰਘ ਬੂਹ, ਓਐਸਡੀ ਸਤਬੀਰ ਸਿੰਘ, ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਗੁਰਿੰਦਰ ਸਿੰਘ ਮਥਰੇਵਾਲ, ਵਧੀਕ ਸਕੱਤਰ ਜਸਵਿੰਦਰ ਸਿੰਘ ਜੱਸੀ, ਮੀਤ ਸਕੱਤਰ ਹਰਭਜਨ ਸਿੰਘ ਵਕਤਾ, ਸੁਖਬੀਰ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਮੇਜਰ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ, ਕਥਾਵਾਚਕ ਗਿਆਨੀ ਚਰਨਜੀਤ ਸਿੰਘ, ਭਾਈ ਹਰਮਿੱਤਰ ਸਿੰਘ, ਸੁਪ੍ਰਿੰਟੈਂਡੈਂਟ ਨਿਸ਼ਾਨ ਸਿੰਘ, ਇੰਚਾਰਜ ਗੁਰਪ੍ਰੀਤ ਸਿੰਘ ਰੋਡੇ, ਗੁਰਪ੍ਰਤਾਪ ਸਿੰਘ, ਮੈਨੇਜਰ ਮਲਕੀਤ ਸਿੰਘ, ਨਰਿੰਦਰਜੀਤ ਸਿੰਘ ਭਵਾਨੀਗੜ੍ਹ, ਗੁਰਦੀਪ ਸਿੰਘ ਕੰਗ, ਗੁਰਪ੍ਰੀਤ ਸਿੰਘ ਤੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੇ ਮੈਨੇਜਰ, ਪ੍ਰਚਾਰਕ, ਢਾਡੀ ਤੇ ਕਵੀਸ਼ਰ ਵੀ ਮੌਜੂਦ ਸਨ।

## ਜਲੰਧਰ ਧਮਾਕਾ ਮਾਮਲੇ 'ਚ ਪੁਲਿਸ ਵੱਲੋਂ ਇੱਕ

ਏਜੰਸੀ ਆਈ.ਐਸ.ਆਈ.ਦੇ ਇਸ਼ਾਰੇ 'ਤੇ ਬੰਬ ਧਮਾਕੇ ਕਰਨ ਆਇਆ ਸੀ। ਪੁੱਛ-ਗਿੱਛ ਦੌਰਾਨ ਉਸ ਨੇ ਕਬੂਲ ਕੀਤਾ ਕਿ ਵਿਸਫੋਟਕ ਅਤੇ ਗ੍ਰਨੇਡ ਉਸ ਨੂੰ ਡਰੋਨ ਰਾਹੀਂ ਸਪਲਾਈ ਕੀਤੇ ਗਏ ਸਨ। ਹਾਲਾਂਕਿ ਦਵਿੰਦਰ ਨੇ ਵਾਰ-ਵਾਰ ਦਾਅਵਾ ਕੀਤਾ ਹੈ ਕਿ ਉਸ ਨੂੰ ਸਿਰਫ਼ ਡਿਲੀਵਰੀ ਮਿਲੀ ਸੀ ਅਤੇ ਉਸ ਨੂੰ ਨਿਸ਼ਾਨੇ ਬਾਰੇ ਸੂਚਿਤ ਨਹੀਂ ਕੀਤਾ ਗਿਆ ਸੀ। ਏਜੰਸੀਆਂ ਦਾ ਮੰਨਣਾ ਹੈ ਕਿ ਉਹ ਮਹੱਤਵਪੂਰਨ ਜਾਣਕਾਰੀ ਲੁਕਾ ਰਿਹਾ ਹੈ। ਜਾਂਚ ਤੋਂ ਪਤਾ ਲੱਗਾ ਹੈ ਕਿ ਉਹ ਫਰਵਰੀ ਵਿਚ ਫਗਵਾੜਾ ਬੱਸ ਸਟੈਂਡ ਨੇੜੇ ਹੋਏ ਬੰਬ ਧਮਾਕੇ ਵਿਚ ਸ਼ਾਮਿਲ ਸੀ। ਉਸ ਨੇ 1 ਅਪ੍ਰੈਲ ਨੂੰ ਚੰਡੀਗੜ੍ਹ ਵਿਚ ਪੰਜਾਬ ਭਾਜਪਾ ਹੈੱਡਕੁਆਰਟਰ 'ਤੇ ਸੁੱਟੇ ਗਏ ਹੱਥਗੋਲੇ ਦੀ ਸਪਲਾਈ ਵੀ ਕੀਤੀ ਸੀ। ਏਜੰਸੀਆਂ ਨੇ ਦਵਿੰਦਰ ਅਤੇ ਪੁਰਤਗਾਲ ਅਤੇ ਜਰਮਨੀ ਵਿਚ ਹੈਂਡਲਰਾਂ ਵਿਚਕਾਰ ਸੰਬੰਧ ਲੱਭੇ ਹਨ। ਪੰਜਾਬ ਪੁਲਿਸ ਨੇ ਧਮਾਕੇ ਦੇ ਸੰਬੰਧ ਵਿਚ ਦਿੱਲੀ ਵਿਚ ਇਕ ਸ਼ੱਕੀ ਨੂੰ ਘੇਰ ਲਿਆ ਹੈ।




## ਰੋਜ਼ਾਨਾ ਚੜ੍ਹਦੀਕਲਾ ਸਿਹਤ ਖ਼ਬਰਨਾਮਾ

# ਰੋਜ਼ ਭਿੱਜੀਆਂ ਖਜੂਰਾਂ ਖਾਣ ਦੇ ਹਨ ਜ਼ਬਰਦਸਤ ਫਾਇਦੇ

ਖਜੂਰ ਵਿੱਚ ਮੌਜੂਦ ਕਈ ਪੌਸ਼ਟਿਕ ਤੱਤ ਤੁਹਾਡੀ ਸਿਹਤ ਨੂੰ ਚਾਰੇ ਪਾਸਿਓਂ ਲਾਭ ਪ੍ਰਦਾਨ ਕਰ ਸਕਦੇ ਹਨ। ਜੇ ਤੁਸੀਂ ਇਸ ਡ੍ਰਾਈ ਫਰੂਟ ਨੂੰ ਸਹੀ ਮਾਤਰਾ



ਵਿੱਚ ਅਤੇ ਸਹੀ ਤਰੀਕੇ ਨਾਲ ਆਪਣੇ ਡਾਇਟ ਪਲਾਨ ਵਿੱਚ ਸ਼ਾਮਲ ਕਰਦੇ ਹੋ, ਤਾਂ ਤੁਸੀਂ ਬਹੁਤ ਸਾਰੀਆਂ ਸਿਹਤ ਸਮੱਸਿਆਵਾਂ ਤੋਂ ਬਚ ਸਕਦੇ ਹੋ। ਸਿਹਤ ਮਾਹਰ ਅਕਸਰ ਸਵੇਰੇ-ਸਵੇਰੇ ਖਾਲੀ ਪੇਟ ਖਜੂਰ ਖਾਣ ਦੀ ਸਲਾਹ ਦਿੰਦੇ ਹਨ।

**ਪੇਟ ਲਈ ਫਾਇਦੇਮੰਦ-** ਜੇ ਤੁਸੀਂ ਅੰਤੜੀਆਂ ਦੀ ਸਿਹਤ ਨੂੰ ਮਜ਼ਬੂਤ ਰੱਖਣਾ ਚਾਹੁੰਦੇ ਹੋ, ਤਾਂ ਤੁਸੀਂ ਭਿੱਜੀਆਂ ਖਜੂਰਾਂ ਨੂੰ ਖਾਣਾ ਸ਼ੁਰੂ ਕਰ ਸਕਦੇ ਹੋ। ਇਸ ਡ੍ਰਾਈ ਫਾਈਬਰ ਵਿੱਚ ਚੰਗੀ ਮਾਤਰਾ ਵਿੱਚ ਫਾਈਬਰ ਹੁੰਦਾ ਹੈ। ਫਾਈਬਰ ਨਾਲ ਭਰਪੂਰ ਖਜੂਰ ਕਬਜ਼ ਵਰਗੀਆਂ ਪੇਟ ਦੀਆਂ ਸਮੱਸਿਆਵਾਂ ਤੋਂ ਛੁਟਕਾਰਾ ਪਾਉਣ ਵਿੱਚ ਅਸਰਦਾਰ ਸਾਬਤ ਹੋ ਸਕਦੇ ਹਨ।

**ਖੂਨ ਦੀ ਕਮੀ ਤੋਂ ਰਾਹਤ** - ਸਿਹਤ ਮਾਹਰ ਖੂਨ ਦੀ ਕਮੀ ਦੀ ਸਥਿਤੀ ਵਿੱਚ ਖਜੂਰ ਖਾਣ ਦੀ ਰਾਏ ਦਿੰਦੇ ਹਨ। ਖਜੂਰ ਆਇਰਨ ਨਾਲ ਭਰਪੂਰ ਹੁੰਦੇ ਹਨ, ਜਿਸ ਨਾਲ ਅਨੀਮੀਆ ਤੋਂ ਪੀੜਤ ਲੋਕਾਂ ਲਈ ਬਹੁਤ ਫਾਇਦੇਮੰਦ ਹੁੰਦੇ ਹਨ। 2-4 ਖਜੂਰਾਂ ਨੂੰ ਰਾਤ ਭਰ ਪਾਣੀ ਵਿੱਚ ਭਿਓ ਦਿਓ ਅਤੇ ਅਗਲੀ ਸਵੇਰ ਖਾਲੀ ਪੇਟ ਉਨ੍ਹਾਂ ਦਾ ਸੇਵਨ ਕਰੋ।

**ਐਨਰਜੀ ਲੈਵਲਸ ਬੂਸਟ ਕਰੇ** - ਕੀ ਤੁਸੀਂ ਦਿਨ ਭਰ ਥਕਾਵਟ ਅਤੇ ਕਮਜ਼ੋਰੀ ਮਹਿਸੂਸ ਕਰਦੇ ਹੋ ਜੇ ਅਜਿਹਾ ਹੈ, ਤਾਂ ਭਿੱਜੀਆਂ ਹੋਈਆਂ ਖਜੂਰਾਂ ਥਕਾਵਟ ਅਤੇ ਕਮਜ਼ੋਰੀ ਨੂੰ ਦੂਰ ਕਰਨ ਵਿੱਚ ਅਸਰਦਾਰ ਹੋ ਸਕਦੀਆਂ ਹਨ। ਆਪਣੇ ਦਿਨ ਦੀ ਸ਼ੁਰੂਆਤ ਭਿੱਜੀਆਂ ਖਜੂਰਾਂ ਨਾਲ ਕਰੋ ਅਤੇ ਦਿਨ ਭਰ ਊਰਜਾਵਾਨ ਮਹਿਸੂਸ ਕਰੋ।

# ਲੈਫਟੀਨੈਂਟ ਗਵਰਨਰ ਵੱਲੋਂ ਡੀ.ਡੀ.ਏ. ਦੇ 1,647 ਨਵੇਂ ਨਿਯੁਕਤ ਮੁਲਾਜ਼ਮਾਂ ਨੂੰ ਨਿਯੁਕਤੀ ਪੱਤਰ ਭੇਟ: ਦਿੱਲੀ ਦੇ ਵਿਕਾਸ ਵਿੱਚ ਨਵੀਂ ਰੂਹ ਫੂਕਣ ਦਾ ਸੱਦਾ

ਨਵੀਂ ਦਿੱਲੀ, 7 ਮਈ (ਅੰਮ੍ਰਿਤਪਾਲ ਸਿੰਘ): ਦਿੱਲੀ ਵਿਕਾਸ ਅਥਾਰਟੀ (441) ਵਿੱਚ ਅੱਜ ਇੱਕ ਇਤਿਹਾਸਕ ਨਿਯੁਕਤੀ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਦਿੱਲੀ ਦੇ ਮਾਨਯੋਗ ਲੈਫਟੀਨੈਂਟ ਗਵਰਨਰ ਅਤੇ ਡੀ.ਡੀ.ਏ. ਦੇ ਚੇਅਰਮੈਨ ਸਰਦਾਰ ਤਰਨਜੀਤ ਸਿੰਘ ਸੰਧੂ ਨੇ 1,647 ਨਵੇਂ ਭਰਤੀ ਹੋਏ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਨਿਯੁਕਤੀ ਪੱਤਰ ਸੌਂਪੇ।

ਇਸ ਵੱਡੀ ਭਰਤੀ ਨਾਲ ਡੀ.ਡੀ.ਏ. ਦੀ ਮਾਨਵੀ ਸ਼ਕਤੀ ਵਿੱਚ ਲਗਭਗ 55 ਫੀਸਦੀ ਦਾ ਵਾਧਾ ਹੋਇਆ ਹੈ, ਜਿਸ ਨਾਲ ਮੁਲਾਜ਼ਮਾਂ ਦੀ ਕੁੱਲ ਗਿਣਤੀ 3,000 ਤੋਂ ਵੱਧ ਕੇ 4,650 ਦੇ ਕਰੀਬ ਪਹੁੰਚ ਗਈ ਹੈ। ਇਹ ਡੀ.ਡੀ.ਏ. ਦੇ ਇਤਿਹਾਸ ਵਿੱਚ ਹੁਣ ਤੱਕ ਦੀ ਸਭ ਤੋਂ ਵੱਡੀ ਭਰਤੀ ਮੁਹਿੰਮ ਹੈ, ਜਿਸ ਵਿੱਚ ਗਰੁੱਪ ਏ ਤੋਂ ਲੈ ਕੇ ਗਰੁੱਪ ਸੀ ਤੱਕ ਦੀਆਂ 26 ਵੱਖ-ਵੱਖ ਸ਼੍ਰੇਣੀਆਂ ਦੀਆਂ ਅਸਾਮੀਆਂ ਭਰੀਆਂ ਗਈਆਂ ਹਨ। ਸਮਾਰੋਹ ਨੂੰ ਸੰਬੋਧਨ ਕਰਦਿਆਂ ਲੈਫਟੀਨੈਂਟ ਗਵਰਨਰ ਨੇ ਨਵੇਂ ਨਿਯੁਕਤ ਮੁਲਾਜ਼ਮਾਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਪੂਰੀ ਇਮਾਨਦਾਰੀ, ਹਮਦਰਦੀ ਅਤੇ ਲਗਨ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਇਹ ਨਵੇਂ ਨਿਯੁਕਤ




ਨੌਜਵਾਨ ਕੇਵਲ ਇੱਕ ਸਰਕਾਰੀ ਸੰਸਥਾ ਦਾ ਹਿੱਸਾ ਨਹੀਂ ਬਣ ਰਹੇ, ਸਗੋਂ ਉਹ 2047 ਤੱਕ ਵਿਕਸਿਤ ਦਿੱਲੀ ਅਤੇ ਵਿਕਸਿਤ ਭਾਰਤ ਦੇ ਰਾਸ਼ਟਰੀ ਟੀਚੇ ਨੂੰ ਪ੍ਰਾਪਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਣਗੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜਨਤਕ ਸੇਵਾ ਕੋਈ ਪੇਸ਼ੇਵਰ ਜ਼ਿੰਮੇਵਾਰੀ ਨਹੀਂ, ਸਗੋਂ ਲੋਕਾਂ ਦੀ ਸੇਵਾ ਲਈ ਇੱਕ ਪਵਿੱਤਰ ਅਹਿਦ ਹੈ। ਇਸ ਮੌਕੇ ਡੀ.ਡੀ.ਏ. ਦੇ ਵਾਈਸ ਚੇਅਰਮੈਨ ਸ਼੍ਰੀ ਐਨ. ਸਰਵਣਾ ਕੁਮਾਰ ਸਮੇਤ ਕਈ ਸੀਨੀਅਰ ਅਧਿਕਾਰੀ ਅਤੇ ਨਵੇਂ ਮੁਲਾਜ਼ਮਾਂ ਦੇ ਪਰਿਵਾਰਕ ਮੈਂਬਰ ਵੀ ਮੌਜੂਦ ਸਨ। ਨਵੀਂ ਭਰਤੀ ਵਿੱਚ ਤਕਨੀਕੀ, ਪ੍ਰਸ਼ਾਸਨਿਕ, ਇੰਜੀਨੀਅਰਿੰਗ ਅਤੇ ਬਾਗਬਾਨੀ ਸਮੇਤ ਕਈ ਵਿਭਾਗਾਂ ਨੂੰ ਮਜ਼ਬੂਤੀ ਮਿਲੀ ਹੈ। ਮੁੱਖ ਨਿਯੁਕਤੀਆਂ ਵਿੱਚ 745 ਮਲਟੀ-ਟਾਸਕਿੰਗ ਸਟਾਫ਼, 278 ਮਾਲੀ, 147 ਜੂਨੀਅਰ ਸਕੱਤਰੇਤ ਸਹਾਇਕ ਅਤੇ 104 ਜੂਨੀਅਰ ਇੰਜੀਨੀਅਰ (ਸਿਵਲ) ਸ਼ਾਮਲ ਹਨ। ਇਸ ਦੇ ਨਾਲ ਹੀ ਡਿਪਟੀ ਡਾਇਰੈਕਟਰ, ਪਟਵਾਰੀ ਅਤੇ ਹੋਰ ਕਈ ਅਹਿਮ ਅਹੁਦਿਆਂ @ਤੇ ਵੀ ਤਾਇਨਾਤੀਆਂ ਕੀਤੀਆਂ ਗਈਆਂ ਹਨ। ਇਹ ਕਦਮ ਡੀ.ਡੀ.ਏ. ਦੀ ਕਾਰਜਕੁਸ਼ਲਤਾ ਨੂੰ ਵਧਾਉਣ ਲਈ ਚੁੱਕਿਆ ਗਿਆ ਹੈ, ਖਾਸ ਕਰਕੇ ਨਰੇਲਾ, ਦਵਾਰਕਾ ਅਤੇ ਰੋਹਿਣੀ ਵਰਗੇ ਉਪ-ਸ਼ਹਿਰਾਂ ਦੇ ਵਿਕਾਸ ਅਤੇ ਹਾਊਸਿੰਗ ਪ੍ਰੋਜੈਕਟਾਂ ਦੀਆਂ ਵੱਧਦੀਆਂ ਲੋੜਾਂ ਨੂੰ ਮੁੱਖ ਰੱਖਦਿਆਂ। ਡੀ.ਡੀ.ਏ. ਪਿਛਲੇ ਕੁਝ ਸਮੇਂ ਤੋਂ ਦਿੱਲੀ ਦੇ ਬੁਨਿਆਦੀ ਢਾਂਚੇ ਅਤੇ ਵਾਤਾਵਰਣ ਸੁਧਾਰ ਲਈ ਕਈ ਵੱਡੇ ਪ੍ਰੋਜੈਕਟਾਂ 'ਤੇ ਕੰਮ ਕਰ ਰਿਹਾ ਹੈ। ਇਹਨਾਂ ਵਿੱਚ ਯਮੁਨਾ ਦੇ ਮੈਦਾਨਾਂ ਦਾ ਸੁੰਦਰੀਕਰਨ, ਦਵਾਰਕਾ ਵਿੱਚ ਦੇਸ਼ ਦਾ ਸਭ ਤੋਂ ਲੰਬਾ ਗੋਲਫ ਕੋਰਸ, ਨਵੀਆਂ ਲਾਇਬ੍ਰੇਰੀਆਂ ਦੀ ਸਥਾਪਨਾ ਅਤੇ ਵਿਰਾਸਤੀ ਇਮਾਰਤਾਂ ਦੀ ਸੰਭਾਲ ਸ਼ਾਮਲ ਹੈ। ਪਿਛਲੇ ਵਿੱਤੀ ਸਾਲ ਦੌਰਾਨ ਡੀ.ਡੀ.ਏ. ਨੇ ਰਿਕਾਰਡ 11,000 ਤੋਂ ਵੱਧ ਫਲੈਟਾਂ ਦੀ ਵਿਕਰੀ ਕੀਤੀ ਹੈ, ਜੋ ਕਿ ਸੰਸਥਾ ਦੀ ਕਾਰਜਸ਼ੀਲਤਾ ਵਿੱਚ ਆਏ ਵੱਡੇ ਉਛਾਲ ਨੂੰ ਦਰਸਾਉਂਦਾ ਹੈ। ਨਵੀਂ ਮਾਨਵੀ ਸ਼ਕਤੀ ਦੇ ਆਉਣ ਨਾਲ ਦਿੱਲੀ ਦੇ ਯੋਜਨਾਬੱਧ ਵਿਕਾਸ ਅਤੇ ਜਨਤਕ ਸੇਵਾਵਾਂ ਵਿੱਚ ਹੋਰ ਤੇਜ਼ੀ ਆਉਣ ਦੀ ਉਮੀਦ ਹੈ।

# ਪ੍ਰਸ਼ਾਸਕ ਨੇ 40 ਨਵੀਆਂ ਸੀਟੀਯੂ ਅੰਤਰਰਾਜੀ ਬੱਸਾਂ ਨੂੰ ਹਰੀ ਝੰਡੀ ਦਿਖਾਈ

ਚੰਡੀਗੜ੍ਹ, 7 ਮਈ (ਅੰਮ੍ਰਿਤਪਾਲ ਸਿੰਘ): ਮਾਨਯੋਗ ਪ੍ਰਸ਼ਾਸਕ, ਯੂ.ਟੀ. ਚੰਡੀਗੜ੍ਹ, ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਅੱਜ ਚੰਡੀਗੜ੍ਹ ਟ੍ਰਾਂਸਪੋਰਟ ਅੰਡਰਟੇਕਿੰਗ (ਸੀਟੀਯੂ) ਦੀਆਂ 40 ਨਵੀਆਂ ਸ਼ਾਮਲ ਕੀਤੀਆਂ ਗਈਆਂ ਅੰਤਰਰਾਜੀ ਬੱਸਾਂ ਨੂੰ ਮੁੱਖ ਮਹਿਮਾਨ ਵਜੋਂ ਹਰੀ ਝੰਡੀ ਦਿਖਾਈ, ਜੋ ਕਿ ਖੇਤਰ ਦੀ ਜਨਤਕ ਆਵਾਜਾਈ ਪ੍ਰਣਾਲੀ ਨੂੰ ਮਜ਼ਬੂਤ ??ਅਤੇ ਆਧੁਨਿਕ ਬਣਾਉਣ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਹੈ। ਇਸ ਸਮਾਗਮ ਦੌਰਾਨ ਮੁੱਖ ਸਕੱਤਰ ਸ਼੍ਰੀ ਐਚ. ਰਾਜੇਸ਼ ਪ੍ਰਸਾਦ, ਪੁਲਿਸ ਡਾਇਰੈਕਟਰ ਜਨਰਲ ਡਾ. ਸਾਗਰ ਪ੍ਰੀਤ ਹੁੱਡਾ, ਵਿੱਤ-ਕਮ-ਟਰਾਂਸਪੋਰਟ ਸਕੱਤਰ ਸ਼੍ਰੀ ਦੀਪਰਵਾ ਲਾਕੜਾ, ਅਤੇ ਡਾਇਰੈਕਟਰ ਟ੍ਰਾਂਸਪੋਰਟ-ਕਮ-ਡਿਵੀਜ਼ਨਲ ਮੈਨੇਜਰ, ਸੀਟੀਯੂ, ਸ਼੍ਰੀ ਅਵਿਕੇਸ਼ ਗੁਪਤਾ ਵੀ ਮੌਜੂਦ ਸਨ। ਸਮਾਗਮ ਨੂੰ ਸੰਬੋਧਨ ਕਰਦੇ ਹੋਏ, ਮਾਨਯੋਗ ਪ੍ਰਸ਼ਾਸਕ ਨੇ ਮੌਜੂਦਾ ਟ੍ਰਾਂਸਪੋਰਟ ਪ੍ਰਣਾਲੀ ਦੀ ਨੀਂਹ ਤੋਂ ਲੈ ਕੇ ਜਨਤਕ ਆਵਾਜਾਈ ਦੀ ਸ਼ਾਨਦਾਰ ਯਾਤਰਾ 'ਤੇ ਚਾਨਣਾ ਪਾਇਆ, ਜਿਸਦੀ ਸਥਾਪਨਾ 30 ਬੱਸਾਂ



ਦੇ ਇੱਕ ਮਾਮੂਲੀ ਬੇੜੇ ਨਾਲ ਕੀਤੀ ਗਈ ਸੀ। ਪਿਛਲੇ 60 ਸਾਲਾਂ ਵਿੱਚ, ਸੀਟੀਯੂ ਇੱਕ ਮਜ਼ਬੂਤ ਅਤੇ ਭਰੋਸੇਮੰਦ ਜਨਤਕ ਸੇਵਾ ਪ੍ਰਦਾਤਾ ਵਜੋਂ ਵਿਕਸਤ ਹੋਇਆ ਹੈ।

ਮਾਨਯੋਗ ਪ੍ਰਸ਼ਾਸਕ ਨੇ ਕਿਹਾ ਕਿ ਸੀਟੀਯੂ ਨੂੰ ਪੰਜਾਬ ਅਤੇ ਹਰਿਆਣਾ ਦੇ ਹਰੇਕ ਜ਼ਿਲ੍ਹਾ ਹੈੱਡਕੁਆਰਟਰਾਂ ਨੂੰ ਜੋੜਨ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ ਤਾਂ ਜੋ ਜਨਤਾ ਨੂੰ ਚੰਡੀਗੜ੍ਹ ਨਾਲ ਆਸਾਨੀ ਨਾਲ ਜੋੜਿਆ ਜਾ ਸਕੇ। ਇਹਨਾਂ 40 ਨਵੀਆਂ ਅੰਤਰਰਾਜੀ ਬੱਸਾਂ ਦੇ ਸ਼ਾਮਲ ਹੋਣ ਨਾਲ, ਸੀਟੀਯੂ ਦੀ ਕੁੱਲ ਫਲੀਟ ਤਾਕਤ 657 ਬੱਸਾਂ ਤੱਕ ਪਹੁੰਚ ਗਈ ਹੈ। ਇਹਨਾਂ ਵਿੱਚੋਂ, 398 ਬੱਸਾਂ ਸਥਾਨਕ ਰੂਟਾਂ 'ਤੇ ਤਾਇਨਾਤ ਹਨ, ਜਦੋਂ ਕਿ 259 ਬੱਸਾਂ ਲੰਬੇ ਰੂਟਾਂ @ਤੇ ਚੱਲਦੀਆਂ ਹਨ, ਚੰਡੀਗੜ੍ਹ ਨੂੰ ਗੁਆਂਢੀ ਰਾਜਾਂ ਨਾਲ ਜੋੜਦੀਆਂ ਹਨ ਅਤੇ ਖੇਤਰੀ ਸੰਪਰਕ ਨੂੰ ਵਧਾਉਂਦੀਆਂ ਹਨ। ਇਸ ਵਾਧੇ ਨਾਲ ਸੇਵਾ ਬਾਰੰਬਾਰਤਾ ਵਿੱਚ ਸੁਧਾਰ ਹੋਣ, ਯਾਤਰੀਆਂ ਦੇ ਉਡੀਕ ਸਮੇਂ ਨੂੰ ਘਟਾਉਣ ਅਤੇ ਯਾਤਰੀਆਂ ਨੂੰ ਵਧੇਰੇ ਸਹੂਲਤ ਪ੍ਰਦਾਨ ਕਰਨ ਦੀ ਉਮੀਦ ਹੈ। ਆਰਥਿਕ ਵਿਕਾਸ ਵਿੱਚ ਜਨਤਕ ਆਵਾਜਾਈ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ, ਮਾਨਯੋਗ ਪ੍ਰਸ਼ਾਸਕ ਨੇ ਕਿਹਾ ਕਿ ਗਤੀਸ਼ੀਲਤਾ, ਵਪਾਰ, ਰੁਜ਼ਗਾਰ ਅਤੇ ਸਮਾਜਿਕ ਸ਼ਮੂਲੀਅਤ ਲਈ ਇੱਕ ਕੁਸ਼ਲ ਆਵਾਜਾਈ ਪ੍ਰਣਾਲੀ ਬਹੁਤ ਜ਼ਰੂਰੀ ਹੈ।

ਸੀਟੀਯੂ ਸੇਵਾਵਾਂ ਦਾ ਵਿਸਥਾਰ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਸੰਪਰਕ ਨੂੰ ਹੋਰ ਮਜ਼ਬੂਤ ਕਰੇਗਾ, ਸਮੁੱਚੇ ਖੇਤਰੀ ਵਿਕਾਸ ਦਾ ਸਮਰਥਨ ਕਰੇਗਾ। ਸਥਿਰਤਾ ਪ੍ਰਤੀ ਪ੍ਰਸ਼ਾਸਨ ਦੀ ਵਚਨਬੱਧਤਾ ਦੀ ਪੁਸ਼ਟੀ ਕਰਦੇ ਹੋਏ, ਇਹ ਸੂਚਿਤ ਕੀਤਾ ਗਿਆ ਕਿ ਸੀਟੀਯੂ ਫਲੀਟ ਵਿੱਚ ਪਹਿਲਾਂ ਹੀ 140 ਇਲੈਕਟ੍ਰਿਕ ਬੱਸਾਂ ਚੱਲ ਰਹੀਆਂ ਹਨ। ਡਿਪੂ-9ਤੋਂ ਤੋਂ 100 ਡੀਜ਼ਲ ਬੱਸਾਂ ਦੀ ਨਿੰਦਾ ਤੋਂ ਬਾਅਦ, ਸੀਟੀਯੂ ਨੇ ਅੰਤਰਿਮ ਪ੍ਰਬੰਧ ਵਜੋਂ ਡਿਪੂ-9 ਤੋਂ ਬੱਸਾਂ ਤਾਇਨਾਤ ਕਰਕੇ ਨਿਰਵਿਘਨ ਸਥਾਨਕ ਸੇਵਾਵਾਂ ਨੂੰ ਯਕੀਨੀ ਬਣਾਇਆ। ਇਸ ਤੋਂ ਇਲਾਵਾ, ਪ੍ਰਧਾਨ ਮੰਤਰੀ ਈ-ਬੱਸ ਸੇਵਾ ਯੋਜਨਾ ਤਹਿਤ 328 ਵਾਧੂ ਇਲੈਕਟ੍ਰਿਕ ਬੱਸਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ। ਇਨ੍ਹਾਂ ਬੱਸਾਂ ਦੀ ਡਿਲਿਵਰੀ ਅਕਤੂਬਰ 2026 ਤੋਂ ਸ਼ੁਰੂ ਹੋਣ ਦੀ ਉਮੀਦ ਹੈ, ਕਿਉਂਕਿ ਸੀਈਐਸਐਲ ਰਾਹੀਂ ਰਿਹਾਇਸ਼ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰਾਲੇ ਦੁਆਰਾ ਈ-ਟੈਂਡਰ ਪਹਿਲਾਂ ਹੀ ਜਾਰੀ ਕੀਤਾ ਜਾ ਚੁੱਕਾ ਹੈ। 2027-28 ਦੇ ਅੰਤ ਤੱਕ, ਸਾਰੀਆਂ ਸ਼ਹਿਰੀ ਡੀਜ਼ਲ ਬੱਸ ਸੇਵਾਵਾਂ ਨੂੰ ਇਲੈਕਟ੍ਰਿਕ ਬੱਸਾਂ ਨਾਲ ਬਦਲਣ ਦੀ ਯੋਜਨਾ ਹੈ। ਮਾਨਯੋਗ ਪ੍ਰਸ਼ਾਸਕ ਨੇ ਨਾਗਰਿਕਾਂ ਨੂੰ ਜਨਤਕ ਆਵਾਜਾਈ ਦੀ ਵੱਧ ਤੋਂ ਵੱਧ ਵਰਤੋਂ ਕਰਨ ਦੀ ਅਪੀਲ ਕੀਤੀ, ਇਹ ਕਹਿੰਦੇ ਹੋਏ ਕਿ ਇਹ ਸੜਕਾਂ 'ਤੇ ਵਾਹਨਾਂ ਦੀ ਗਿਣਤੀ ਘਟਾਉਣ, ਪ੍ਰਦੂਸ਼ਣ ਘਟਾਉਣ ਅਤੇ ਪ੍ਰਤੀ ਵਿਅਕਤੀ ਕਾਰਬਨ ਨਿਕਾਸ ਘਟਾਉਣ ਵਿੱਚ ਮਦਦ ਕਰੇਗਾ। ਉਨ੍ਹਾਂ ਨੇ ਨਾਗਰਿਕਾਂ ਨੂੰ ਨਿੱਜੀ ਵਾਹਨਾਂ ਦੀ ਬਜਾਏ ਹਫ਼ਤੇ ਵਿੱਚ ਘੱਟੋ-ਘੱਟ ਇੱਕ ਦਿਨ ਜਨਤਕ ਆਵਾਜਾਈ ਦੀ ਵਰਤੋਂ ਕਰਨ ਦਾ ਇੱਕ ਛੋਟਾ ਜਿਹਾ ਪ੍ਰਣ ਲੈਣ ਦੀ ਅਪੀਲ ਕੀਤੀ।

# ਵੋਗੇਰਾ ਵਿਖੇ ਖਾਲਸਾ ਪੰਥ ਸਾਜਨਾ ਦਿਵਸ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ

ਮਿਲਾਨ, 7 ਮਈ (ਦਲਜੀਤ ਮੱਕੜ): ਖਾਲਸਾ ਸਾਜਨਾ ਦਿਵਸ ਪੂਰੀ ਦੁਨੀਆਂ ਵਿੱਚ ਰਹਿਣ ਬਸੇਰਾ ਕਰਦੀ ਸਿੱਖ ਸੰਗਤ ਵੱਲੋਂ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਟਲੀ ਵਿੱਚ ਵੀ ਖ਼ਾਲਸੇ ਦੇ ਸਾਜਨਾ ਦਿਵਸ ਨੂੰ ਲੈਕੇ ਸਿੱਖ ਸੰਗਤਾਂ ਵੱਲੋਂ ਵੱਡੇ ਸਮਾਗਮ ਉਲੀਕੇ ਜਾ ਰਹੇ ਹਨ।ਇਸ ਪਵਿੱਤਰ ਦਿਹਾੜੇ ਤੇ ਵੱਖ-ਵੱਖ ਸ਼ਹਿਰਾਂ ਵਿੱਚ ਨਗਰ ਕੀਰਤਨਾਂ ਦਾ ਆਯੋਜਨ ਸਿੱਖ ਸੰਗਤਾਂ ਅਤੇ ਗੁਰਦੁਆਰਾ ਸਾਹਿਬ ਦੀਆਂ ਪ੍ਰਬੰਧਕ ਕਮੇਟੀਆਂ ਵੱਲੋਂ ਕੀਤਾ ਜਾ ਰਿਹਾ ਹੈ।

ਜਿਸਦਾ ਮੰਤਵ ਇਟਾਲੀਅਨ ਅਤੇ ਹੋਰਨਾਂ ਮੂਲ ਦੇ ਲੋਕਾਂ ਨੂੰ ਸਿੱਖ ਧਰਮ ਬਾਰੇ ਜਾਣਕਾਰੀ ਦੇਣਾ ਹੈ। ਇਸੇ ਲੜੀ ਤਹਿਤ ਇਟਲੀ ਦੇ ਗੁਰਦੁਆਰਾ ਬਾਬਾ ਲੱਖੀ ਸ਼ਾਹ ਵਣਜਾਰਾ ਸਿੱਖ ਸੈਂਟਰ ਪੋਂਤੇਕੁਰੋਨੇ (ਅਲੇਸਾਂਦਰੀਆ) ਦੁਆਰਾ ਖਾਲਸਾ ਪੰਥ ਸਾਜਨਾ ਦਿਵਸ ਨੂੰ ਸਮਰਪਿਤ ਵੋਗੇਰਾ ਵਿਖੇ ਨਗਰ ਕੀਰਤਨ ਸਜਾਇਆ ਗਿਆ।ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਅਤੇ ਪੰਜ ਪਿਆਰਿਆਂ ਅਤੇ ਪੰਜ ਨਿਸ਼ਾਨਚੀ ਸਿੰਘਾਂ ਦੀ ਅਗਵਾਈ ਹੇਠ ਨਗਰ ਕੀਰਤਨ ਦੀ ਆਰੰਭਤਾ ਹੋਈ। ਨਗਰ ਕੀਰਤਨ ਦੀ ਆਰੰਭਤਾ ਤੋਂ ਹੀ ਸੰਗਤਾਂ ਦੁਆਰਾ ਬੋਲੇ ਸੋ ਨਿਹਾਲ ਦੇ ਜੈਕਾਰੇ ਲਗਾਏ ਗਏ। ਵੱਖ-ਵੱਖ ਕੀਰਤਨੀ ਜੱਥਿਆਂ ਦੁਆਰਾ ਆਈਆਂ ਸੰਗਤਾਂ ਨੂੰ ਗੁਰ ਇਤਿਹਾਸ ਸਰਵਣ ਕਰਵਾਇਆ ਗਿਆ।ਬਾਬਾ ਅਜੀਤ ਸਿੰਘ ਬਾਬਾ ਜੁਝਾਰ ਸਿੰਘ ਗੱਤਕਾ ਅਕੈਡਮੀ ਬਨਿਓਲੋ ਮੇਲਾ ਦੇ ਸਿੰਘਾਂ ਦੁਆਰਾ ਗੱਤਕਾ ਕਲਾ ਦੇ ਅਦਭੁੱਤ ਜੌਹਰ ਦਿਖਾਏ। ਇਸ ਮੌਕੇ ਵੱਖ ਵੱਖ ਸ਼ਹਿਰਾਂ ਦੇ ਮੇਅਰਾਂ ਅਤੇ ਵੱਖ ਵੱਖ ਗੁਰਦੁਆਰਾ ਸਾਹਿਬ



ਦੀਆ ਪ੍ਰਬੰਧਕ ਕਮੇਟੀਆ ਨੇ ਵੀ ਸ਼ਮੂਲੀਅਤ ਕੀਤੀ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਈਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਵੱਖ ਵੱਖ ਸਨਮਾਨਯੋਗ ਸ਼ਖਸ਼ੀਅਤਾਂ, ਪ੍ਰਸ਼ਾਸ਼ਨਿਕ ਅਧਿਕਾਰੀਆਂ ਦਾ ਯਾਦਗਾਰੀ ਚਿੰਨ੍ਹ ਭੇਟ ਕਰਕੇ ਧੰਨਵਾਦ ਕੀਤਾ ਗਿਆ।ਸੰਗਤਾਂ ਲਈ ਅਨੇਕਾਂ ਪ੍ਰਕਾਰ ਦੇ ਲੰਗਰ ਲਗਾਏ ਗਏ।

# ਪੰਜਾਬ ਲੋਕ ਭਵਨ ਵਿਖੇ ਰਾਜਪਾਲ ਨੇ ਸਤਿਗੁਰੂ ਉਦੈ ਸਿੰਘ ਨਾਲ ਕੀਤੀ ਮੁਲਾਕਾਤ



ਚੰਡੀਗੜ੍ਹ, 7 ਮਈ (ਅੰਮ੍ਰਿਤਪਾਲ ਸਿੰਘ): ਅੱਜ ਸਤਿਗੁਰੂ ਉਦੈ ਸਿੰਘ ਜੀ ਅਤੇ ਪੰਜਾਬ ਦੇ ਰਾਜਪਾਲ ਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਸ਼੍ਰੀ ਗੁਲਾਬ ਚੰਦ ਕਟਾਰੀਆ ਵਿਚਕਾਰ ਪੰਜਾਬ ਲੋਕ ਭਵਨ ਵਿੱਚ ਇੱਕ ਆਧਿਆਤਮਿਕ ਅਤੇ ਪ੍ਰੇਰਣਾਦਾਇਕ ਮੁਲਾਕਾਤ ਹੋਈ, ਜਿਸ ਦੌਰਾਨ ਦੋਵੇਂ ਨੇ ਪੰਜਾਬ ਦੀ ਸਮ੍ਰਿੱਧ ਧਾਰਮਿਕ ਅਤੇ ਸੱਭਿਆਚਾਰਕ ਵਿਰਾਸਤ ਦੇ ਦੀ ਸਾਂਭ ਸੰਭਾਲ ਅਤੇ ਪ੍ਰਸਾਰ ਸੰਬੰਧੀ ਵਿਚਾਰ ਸਾਂਝੇ ਕੀਤੇ। ਇਸ ਮੁਲਾਕਾਤ ਦੌਰਾਨ ਆਧਿਆਤਮਿਕਤਾ, ਸਾਂਝੀਵਾਲਤਾ, ਸਾਦਗੀ ਅਤੇ ਨਿਸ਼ਕਾਮ ਸੇਵਾ ਬਾਰੇ ਵਿਸ਼ੇਸ਼ ਜ਼ੋਰ ਦਿੱਤਾ ਗਿਆ, ਜੋ ਪੰਜਾਬ ਦੀਆਂ ਗੌਰਵਮਈ ਪਰੰਪਰਾਵਾਂ ਦਾ ਅਟੁੱਟ ਹਿੱਸਾ ਰਹੀਆਂ ਹਨ। ਮੁਲਾਕਾਤ ਦੌਰਾਨ ਸਤਿਗੁਰੂ ਉਦੈ ਸਿੰਘ ਜੀ ਨੇ ਰਾਜਪਾਲ ਅਤੇ ਲੇਡੀ ਗਵਰਨਰ ਸ਼੍ਰੀਮਤੀ ਅਨੀਤਾ ਕਟਾਰੀਆ ਨੂੰ ਸਨਮਾਨਿਤ ਵੀ ਕੀਤਾ। ਇਹ ਮੌਕਾ ਆਪਸੀ ਸਤਿਕਾਰ, ਸਾਂਝ ਅਤੇ ਆਧਿਆਤਮਿਕ ਊਰਜਾ ਨਾਲ ਭਰਪੂਰ ਰਿਹਾ। ਇਸ ਮੌਕੇ ਰਾਜਪਾਲ ਦੇ ਵਧੀਕ ਮੁੱਖ ਸਕੱਤਰ ਸ਼੍ਰੀ ਵਿਵੇਕ ਪ੍ਰਤਾਪ ਸਿੰਘ ਅਤੇ ਆਰਟੀਆਈ ਕਮਿਸ਼ਨਰ ਹਰਪ੍ਰੀਤ ਸੰਧੂ ਵੀ ਹਾਜ਼ਰ ਸਨ।

# ਫੁੱਟਬਾਲ ਖਿਡਾਰੀ ਦੀ ਮਾਨਸਿਕ ਸਿਹਤ ਦਾ ਧਿਆਨ ਨਹੀਂ ਰੱਖਣ 'ਤੇ ਕਲੱਬ 'ਤੇ ਭਾਰੀ ਜੁਰਮਾਨਾ



ਮੈਲਬੋਰਨ, 7 ਮਈ (ਚ.ਨ.ਸ.): ਆਸਟ੍ਰੇਲੀਆਈ ਫੁੱਟਬਾਲ ਕਲੱਬ ਕਾਰਲਟਨ ਫੁੱਟਬਾਲ ਕਲੱਬ 'ਤੇ ਇੱਕ ਖਿਡਾਰੀ ਦੇ ਮਾਨਸਿਕ ਸਿਹਤ ਸੰਕਟ ਦੌਰਾਨ ਸਹੀ ਕਦਮ ਨਾ ਚੁੱਕਣ ਕਾਰਨ 75,000 ਆਸਟ੍ਰੇਲੀਆਈ ਡਾਲਰ (ਲਗਭਗ 54,000 ਅਮਰੀਕੀ ਡਾਲਰ) ਦਾ ਭਾਰੀ ਜੁਰਮਾਨਾ ਲਗਾਇਆ ਗਿਆ ਹੈ। ਇਹ ਜੁਰਮਾਨਾ ਆਸਟ੍ਰੇਲੀਅਨ ਫੁੱਟਬਾਲ ਲੀਗ ਦੁਆਰਾ ਲਗਾਇਆ ਗਿਆ ਹੈ।ਇਹ ਮਾਮਲਾ 16 ਅਪ੍ਰੈਲ ਨੂੰ ਹੋਏ ਇੱਕ ਮੈਚ ਦੌਰਾਨ ਸਾਹਮਣੇ ਆਇਆ, ਜਦੋਂ 24 ਸਾਲਾ ਖਿਡਾਰੀ ਐਲੀਜਾਹ ਹਾਲੈਂਡਸ ਮੈਦਾਨ 'ਤੇ ਕਾਫੀ ਉਲਝਣ ਵਿੱਚ ਅਤੇ ਅਜੀਬ ਵਿਵਹਾਰ ਕਰਦੇ ਨਜ਼ਰ ਆਏ। ਵੀਡੀਓ ਫੁਟੇਜ ਵਿੱਚ ਦੇਖਿਆ ਗਿਆ ਕਿ ਵਾਰਮ-ਅੱਪ ਦੌਰਾਨ ਉਹ ਠੀਕ ਤਰ੍ਹਾਂ ਸ਼ਾਟ ਵੀ ਨਹੀਂ ਲਗਾ ਸਕੇ ਅਤੇ ਉਨ੍ਹਾਂ ਦੀਆਂ ਹਰਕਤਾਂ ਅਸਾਧਾਰਨ ਸਨ, ਜਿਸ ਨੇ ਪ੍ਰਸ਼ੰਸਕਾਂ ਅਤੇ ਮਾਹਿਰਾਂ ਨੂੰ ਚਿੰਤਾ ਵਿੱਚ ਪਾ ਦਿੱਤਾ।ਇਸ ਘਟਨਾ ਦੇ ਪੰਜ ਦਿਨਾਂ ਬਾਅਦ ਹਾਲੈਂਡਸ ਨੂੰ ਹਸਪਤਾਲ ਵਿੱਚ ਭਰਤੀ ਕਰਵਾਉਣਾ ਪਿਆ। ਉਨ੍ਹਾਂ ਦੇ ਪਿਤਾ, ਬੇਨ ਹਾਲੈਂਡਸ ਨੇ ਸੋਸ਼ਲ ਮੀਡੀਆ ਰਾਹੀਂ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਆਸ-ਪਾਸ ਦੇ ਲੋਕਾਂ ਦੀ ਮਾਨਸਿਕ ਸਿਹਤ ਦਾ ਖਿਆਲ ਰੱਖਣ ਅਤੇ ਪਰੇਸ਼ਾਨੀ ਵਿੱਚ ਮਾਨਸਿਕ ਰੂਪ ਨਾਲ ਬਿਮਾਰ ਲੋਕਾਂ ਦੀ ਮਦਦ ਕਰਨ।

# ਤਰਨਜੀਤ ਸਿੰਘ ਸੰਧੂ ਸਮੁੰਦਰੀ : ਦਿੱਲੀ ਦੇ ਲੈਫ਼ਟੀਨੈਂਟ ਗਵਰਨਰ ਵਜੋਂ ਪੰਜਾਬੀ ਕਿਰਦਾਰ ਦਾ ਨਵਾਂ ਹਸਤਾਖ਼ਰ

ਪ੍ਰੋ: ਸਰਚਾਂਦ ਸਿੰਘ ਖਿਆਲਾ,
9781355522



ਅੰਮ੍ਰਿਤਸਰ ਨਾਲ ਸਬੰਧਤ ਸੰਯੁਕਤ ਰਾਜ ਅਮਰੀਕਾ ਵਿੱਚ ਭਾਰਤ ਦੇ ਸਾਬਕਾ ਰਾਜਦੂਤ ਸਰਦਾਰ ਤਰਨਜੀਤ ਸਿੰਘ ਸੰਧੂ ਸਮੁੰਦਰੀ ਦੀ ਕਾਬਲੀਅਤ, ਵਿਸ਼ਾਲ ਰਾਜਨੀਤਕ ਅਨੁਭਵ, ਪ੍ਰਸ਼ਾਸਨਿਕ ਸਮਰੱਥਾ ਅਤੇ ਰਾਸ਼ਟਰੀ ਦ੍ਰਿਸ਼ਟੀ ਨੂੰ ਮੱਦੇਨਜ਼ਰ ਰੱਖਦੇ ਹੋਏ ਭਾਰਤ ਸਰਕਾਰ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਉਨ੍ਹਾਂ ਨੂੰ ਦਿੱਲੀ ਦੇ ਲੈਫ਼ਟੀਨੈਂਟ ਗਵਰਨਰ ਵਜੋਂ ਨਿਯੁਕਤ ਕੀਤੇ ਜਾਣ ਤੋਂ ਬਾਅਦ ਉਹਨਾਂ ਵੱਲੋਂ ਇਸ ਜ਼ਿੰਮੇਵਾਰੀ ਨੂੰ ਨਿਭਾਉਂਦਿਆਂ ਦਿੱਲੀ ਵਾਸੀਆਂ ਦੀ ਭਲਾਈ ਲਈ ਆਪ ਜ਼ਮੀਨੀ ਪੱਧਰ ਉੱਤੇ ਵਿਚਰਨਾ ਤੇ ਲੋਕਾਂ ਦੀਆਂ ਦੁੱਖ ਤਕਲੀਫ਼ਾਂ ਦਾ ਪਤਾ ਲਗਾ ਕੇ ਉਹਨਾਂ ਦੇ ਨਿਵਾਰਨ ਦੀਆਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਆਦਿ ਅੰਮ੍ਰਿਤਸਰ, ਪੰਜਾਬ, ਸਿੱਖ ਸਮਾਜ ਅਤੇ ਪੂਰੇ ਭਾਰਤ ਲਈ ਮਾਣ ਵਾਲੀ ਗੱਲ ਹੈ।

ਸਰਦਾਰ ਸੰਧੂ ਕੇਵਲ ਇਕ ਤਜਰਬੇਕਾਰ ਡਿਪਲੋਮੈਟ ਹੀ ਨਹੀਂ, ਸਗੋਂ ਸੇਵਾ, ਸੰਵੇਦਨਸ਼ੀਲਤਾ, ਹਲੀਮੀ ਅਤੇ ਰਾਸ਼ਟਰੀ ਨਿਸ਼ਠਾ ਦੇ ਜੀਵਿਤ ਪ੍ਰਤੀਕ ਹਨ।ਉਨ੍ਹਾਂ ਦੀ ਨਿਯੁਕਤੀ ਇਹ ਸਾਬਤ ਕਰਦੀ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਦੇਸ਼ ਵਿੱਚ ਯੋਗਤਾ, ਤਜਰਬੇ ਅਤੇ ਰਾਸ਼ਟਰ-ਨਿਰਮਾਣ ਦੀ ਸੋਚ ਨੂੰ ਉੱਚੇ ਸੰਵਿਧਾਨਕ ਅਹੁਦਿਆਂ 'ਤੇ ਮਾਣ ਮਿਲ ਰਿਹਾ ਹੈ।

ਇਸ ਤੋਂ ਪਹਿਲਾਂ ਸ. ਸੰਧੂ ਨੂੰ 2024 ਵਿੱਚ ਭਾਰਤੀ ਜਨਤਾ ਪਾਰਟੀ ਵੱਲੋਂ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਚੋਣ ਮੈਦਾਨ ਵਿੱਚ ਉਤਾਰਿਆ ਗਿਆ ਸੀ। ਭਾਵੇਂ ਉਹ ਚੋਣ ਸਿਆਸਤ ਦਾ ਅਧਿਆਇ ਸੀ, ਪਰ ਅੱਜ ਉਨ੍ਹਾਂ ਦੀ ਦਿੱਲੀ ਦੇ ਲੈਫ਼ਟੀਨੈਂਟ ਗਵਰਨਰ ਵਜੋਂ ਦਿੱਤੀ ਗਈ ਜ਼ਿੰਮੇਵਾਰੀ ਉਨ੍ਹਾਂ ਦੀ ਲੰਬੀ ਸੇਵਾ, ਵਿਸ਼ਵ ਪੱਧਰੀ ਤਜਰਬੇ ਅਤੇ ਭਾਰਤ ਪ੍ਰਤੀ ਨਿਸ਼ਠਾ ਦੀ ਵੱਡੀ ਸਵੀਕ੍ਰਿਤੀ ਹੈ। ਸੰਯੁਕਤ ਰਾਜ ਅਮਰੀਕਾ ਵਿੱਚ ਭਾਰਤ ਦੇ ਰਾਜਦੂਤ ਵਜੋਂ ਤਰਨਜੀਤ ਸਿੰਘ ਸੰਧੂ ਨੇ ਵਾਸ਼ਿੰਗਟਨ ਅਤੇ ਨਵੀਂ ਦਿੱਲੀ ਦੇ ਸਬੰਧਾਂ ਨੂੰ ਗਹਿਰਾ ਕਰਨ ਵਿੱਚ ਮੁੱਖ ਭੂਮਿਕਾ ਨਿਭਾਈ।ਉਨ੍ਹਾਂ ਨੇ ਦੋਵਾਂ ਦੇਸ਼ਾਂ ਵਿਚਕਾਰ ਗਿਆਨ, ਵਿਗਿਆਨ, ਵਪਾਰ, ਟੈਕਨਾਲੋਜੀ, ਸਿੱਖਿਆ, ਰੱਖਿਆ ਅਤੇ ਰਣਨੀਤਿਕ ਭਾਈਵਾਲੀ ਨੂੰ ਮਜ਼ਬੂਤ ਕਰਨ ਵਿੱਚ ਵਿਲੱਖਣ ਯੋਗਦਾਨ ਦਿੱਤਾ। ਉਹ 36 ਸਾਲਾਂ ਦੇ ਵਿਲੱਖਣ ਕੂਟਨੀਤਕ ਕੈਰੀਅਰ ਨਾਲ ਅਮਰੀਕਾ ਸਬੰਧੀ ਮਾਮਲਿਆਂ ਦੇ ਸਭ ਤੋਂ ਤਜਰਬੇਕਾਰ ਭਾਰਤੀ ਡਿਪਲੋਮੈਟਾਂ ਵਿੱਚੋਂ ਇੱਕ ਮੰਨੇ ਜਾਂਦੇ ਹਨ। ਸ. ਤਰਨਜੀਤ ਸਿੰਘ ਸੰਧੂ ਨੂੰ ਇਹ ਸੇਵਾ-ਸੰਸਕਾਰ ਆਪਣੇ ਪਰਿਵਾਰਕ ਵਿਰਸੇ ਤੋਂ ਮਿਲੇ ਹਨ। ਉਹਨਾਂ ਵਿੱਚ ਦੇਸ਼, ਕੌਮ ਅਤੇ ਸਮਾਜ ਦੀ ਸੇਵਾ ਪ੍ਰਤੀ ਆਪਣੇ ਪਿਤਾ ਸ. ਬਿਸ਼ਨ ਸਿੰਘ ਸਮੁੰਦਰੀ ਅਤੇ ਦਾਦਾ ਸ਼ਹੀਦ ਸ. ਤੇਜਾ ਸਿੰਘ ਸਮੁੰਦਰੀ ਵਾਲਾ ਉਹੀ ਜਜ਼ਬਾ ਤੇ ਜਨੂੰਨ ਹੈ। ਹੋਵੇ ਵੀ ਕਿਉਂ ਨਾ, ਉਨ੍ਹਾਂ ਦੀਆਂ ਰਗਾਂ ਵਿੱਚ ਉਹਨਾਂ ਮਹਾਨ ਸ਼ਖ਼ਸੀਅਤਾਂ ਦਾ ਖ਼ੂਨ ਦੌੜ ਰਿਹਾ ਹੈ, ਜਿਨ੍ਹਾਂ ਨੇ ਸੇਵਾ, ਸਿਧਾਂਤ ਅਤੇ ਕੁਰਬਾਨੀ ਦੀ ਅਮਰ ਪਰੰਪਰਾ ਸਿਰਜੀ। ਸਰਦਾਰ ਸੰਧੂ ਦੇ ਦਾਦਾ ਸ਼ਹੀਦ ਸ. ਤੇਜਾ ਸਿੰਘ ਸਮੁੰਦਰੀ ਦਾ ਨਾਮ ਸਿੱਖ ਇਤਿਹਾਸ ਵਿੱਚ ਅਮਰ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਦਫ਼ਤਰੀ ਇਮਾਰਤ ਦਾ "ਤੇਜਾ ਸਿੰਘ ਸਮੁੰਦਰੀ ਹਾਲ" ਅੱਜ ਵੀ ਉਸ ਕੁਰਬਾਨੀ, ਸੇਵਾ ਅਤੇ ਸਿਧਾਂਤਕ ਜੀਵਨ ਦੀ ਯਾਦ





ਦਿਵਾਉਂਦਾ ਹੈ।

ਤਰਨਜੀਤ ਸਿੰਘ ਸੰਧੂ ਦਾ ਜਨਮ 23 ਜਨਵਰੀ 1963 ਨੂੰ ਸਿੱਖਿਆ ਸ਼ਾਸਤਰੀ ਮਾਤਾ ਸ੍ਰੀਮਤੀ ਜਗਜੀਤ ਕੌਰ ਸੰਧੂ ਅਤੇ ਪਿਤਾ ਸ. ਬਿਸ਼ਨ ਸਿੰਘ ਸਮੁੰਦਰੀ ਦੇ ਘਰ ਹੋਇਆ। ਉਨ੍ਹਾਂ ਨੇ ਆਪਣੀ ਸ਼ੁਰੂਆਤੀ ਪੜ੍ਹਾਈ ਸੇਕਰਡ ਹਾਰਟ ਸਕੂਲ ਅਤੇ ਸੇਂਟ ਫਰਾਂਸਿਸ ਸਕੂਲ, ਅੰਮ੍ਰਿਤਸਰ ਤੋਂ ਕੀਤੀ ਅਤੇ ਫਿਰ ਲਾਰੰਸ ਸਕੂਲ, ਸਨਾਵਰ ਵਿੱਚ ਪੜ੍ਹਾਈ ਕੀਤੀ। ਉਨ੍ਹਾਂ ਨੇ ਸੇਂਟ ਸਟੀਫਨਜ਼ ਕਾਲਜ, ਦਿੱਲੀ ਤੋਂ ਇਤਿਹਾਸ ਆਨਰਜ਼ ਨਾਲ ਗ੍ਰੈਜੂਏਸ਼ਨ ਕੀਤੀ ਅਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਨਵੀਂ ਦਿੱਲੀ ਤੋਂ ਅੰਤਰਰਾਸ਼ਟਰੀ ਸਬੰਧਾਂ ਵਿੱਚ ਮਾਸਟਰ ਡਿਗਰੀ ਪ੍ਰਾਪਤ ਕੀਤੀ। ਉਨ੍ਹਾਂ ਦੀ ਧਰਮ ਪਤਨੀ ਸ੍ਰੀਮਤੀ ਰੀਨਤ ਸੰਧੂ ਭਾਰਤੀ ਵਿਦੇਸ਼ ਸੇਵਾ ਦੀ ਸੀਨੀਅਰ ਅਧਿਕਾਰੀ ਰਹੀ ਹੈ।

ਤਰਨਜੀਤ ਸਿੰਘ ਸੰਧੂ 1988 ਵਿੱਚ ਭਾਰਤੀ ਵਿਦੇਸ਼ ਸੇਵਾ ਵਿੱਚ ਸ਼ਾਮਲ ਹੋਏ। ਉਨ੍ਹਾਂ ਦਾ ਕੂਟਨੀਤਕ ਸਫ਼ਰ ਚੁਣੌਤੀਆਂ ਭਰਿਆ ਪਰ ਬੇਹੱਦ ਸ਼ਾਨਦਾਰ ਰਿਹਾ। ਉਹ ਵਾਸ਼ਿੰਗਟਨ ਡੀ.ਸੀ. ਵਿੱਚ ਭਾਰਤੀ ਮਿਸ਼ਨ ਦੇ ਡਿਪਟੀ ਚੀਫ਼, ਫ਼ਸਟ ਸੈਕਟਰੀ, ਫਰੈਂਕਫਰਟ ਵਿੱਚ ਭਾਰਤ ਦੇ ਕੌਂਸਲ ਜਨਰਲ, ਸ੍ਰੀਲੰਕਾ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਅਤੇ ਸੰਯੁਕਤ ਰਾਸ਼ਟਰ ਨਾਲ ਜੁੜੀਆਂ ਅਹਿਮ ਜ਼ਿੰਮੇਵਾਰੀਆਂ ਨਿਭਾ ਚੁੱਕੇ ਹਨ।

ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਅਤੇ ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਦੀ ਮੌਜੂਦਗੀ ਵਿੱਚ ਅਮਰੀਕਾ ਦੇ ਰਾਸ਼ਟਰਪਤੀ ਜੋ ਬਾਈਡਨ ਵੱਲੋਂ ਤਰਨਜੀਤ ਸੰਧੂ ਦੀ ਪਿੱਠ ਥਪਥਪਾ ਕੇ ਇਹ ਕਹਿਣਾ ਕਿ "ਰਾਜਦੂਤ ਹੋਵੇ ਤਾਂ ਸੰਧੂ ਵਰਗਾ ਹੋਵੇ" ਕੇਵਲ ਉਨ੍ਹਾਂ ਲਈ ਹੀ ਨਹੀਂ, ਸਗੋਂ ਅੰਮ੍ਰਿਤਸਰ ਅਤੇ ਪੂਰੇ ਪੰਜਾਬ ਲਈ ਵੀ ਮਾਣ ਵਾਲੀ ਗੱਲ ਸੀ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 2014 ਦੀ ਅਮਰੀਕਾ ਯਾਤਰਾ ਦੌਰਾਨ ਨਿਊਯਾਰਕ ਵਿਖੇ ਡਾਇਸਪੋਰਾ ਸਿੱਖ ਭਾਈਚਾਰੇ ਦੀ ਡੈਲੀਗੇਸ਼ਨ ਨਾਲ ਮੁਲਾਕਾਤ ਕਰਵਾਉਣ ਅਤੇ ਸਿੱਖਾਂ ਦੀ ਕਾਲੀ ਸੂਚੀ ਹਟਵਾਉਣ ਵਿੱਚ ਵੀ ਸ. ਸੰਧੂ ਦੀ ਅਹਿਮ ਭੂਮਿਕਾ ਮੰਨੀ ਜਾਂਦੀ ਹੈ। 2016 ਵਿੱਚ ਪ੍ਰਧਾਨ ਮੰਤਰੀ ਮੋਦੀ ਦਾ ਅਮਰੀਕੀ ਕਾਂਗਰਸ ਨੂੰ ਸੰਬੋਧਨ ਕਰਨਾ ਵੀ ਭਾਰਤ ਦੀ ਵਿਸ਼ਵ ਪੱਧਰੀ ਸਥਿਤੀ ਨੂੰ ਮਜ਼ਬੂਤ ਕਰਨ ਵਾਲੀ ਵੱਡੀ ਘਟਨਾ ਸੀ। ਸ. ਸੰਧੂ ਨੇ 2017 ਤੋਂ 2020 ਤੱਕ ਸ੍ਰੀਲੰਕਾ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਵਜੋਂ ਭਾਰਤ-ਸ੍ਰੀਲੰਕਾ ਸਬੰਧਾਂ ਨੂੰ ਮਜ਼ਬੂਤ ਕੀਤਾ। ਇਸ ਤੋਂ ਪਹਿਲਾਂ ਉਨ੍ਹਾਂ ਨੇ ਕੋਲੰਬੋ, ਮਾਸਕੋ, ਕੀਵ, ਫਰੈਂਕਫਰਟ, ਨਿਊਯਾਰਕ ਅਤੇ ਵਾਸ਼ਿੰਗਟਨ ਵਰਗੇ ਮਹੱਤਵਪੂਰਨ ਕੂਟਨੀਤਕ ਕੇਂਦਰਾਂ 'ਤੇ ਦੇਸ਼ ਦੀ ਸੇਵਾ ਕੀਤੀ। ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਅਦ ਯੂਕਰੇਨ ਦੇ ਕੀਵ ਵਿੱਚ ਭਾਰਤ ਦਾ ਨਵਾਂ ਦੂਤਾਵਾਸ ਖੋਲ੍ਹਣ ਵਿੱਚ ਵੀ ਉਨ੍ਹਾਂ ਦੀ ਭੂਮਿਕਾ ਰਹੀ। ਨਵੰਬਰ 2023 ਵਿੱਚ ਅਮਰੀਕਾ ਦੇ ਸੀਆਟਲ ਵਿੱਚ ਭਾਰਤੀ ਕੌਂਸਲੇਟ ਖੋਲ੍ਹਣ ਦਾ ਮਾਣ ਵੀ ਉਨ੍ਹਾਂ ਦੇ ਸੇਵਾਕਾਲ ਨਾਲ ਜੁੜਿਆ। ਵਿਦੇਸ਼ ਮੰਤਰਾਲੇ ਵਿੱਚ ਉਨ੍ਹਾਂ ਨੇ ਸੰਯੁਕਤ ਸਕੱਤਰ ਵਜੋਂ ਪ੍ਰਸ਼ਾਸਨ, ਮਨੁੱਖੀ ਸੰਸਾਧਨ ਅਤੇ ਸੰਯੁਕਤ ਰਾਸ਼ਟਰ ਡਵੀਜ਼ਨ ਵਰਗੀਆਂ ਮਹੱਤਵਪੂਰਨ ਜ਼ਿੰਮੇਵਾਰੀਆਂ ਵੀ ਨਿਭਾਈਆਂ।

ਸੇਵਾਮੁਕਤੀ ਤੋਂ ਬਾਅਦ ਵੀ ਸ. ਤਰਨਜੀਤ ਸਿੰਘ ਸੰਧੂ ਨੇ ਆਰਾਮਦਾਇਕ ਜੀਵਨ ਚੁਣਨ ਦੀ ਥਾਂ ਆਪਣੇ ਜਨਮ-ਭੂਮੀ ਅੰਮ੍ਰਿਤਸਰ ਦੀ ਤਰੱਕੀ, ਨੌਜਵਾਨਾਂ ਦੇ ਭਵਿੱਖ, ਕਿਸਾਨਾਂ ਦੀ ਆਮਦਨੀ, ਉਦਯੋਗਾਂ ਦੇ ਵਿਕਾਸ, ਸੈਰ-ਸਪਾਟੇ, ਹੁਨਰ ਵਿਕਾਸ ਅਤੇ ਗਲੋਬਲ ਕਨੈਕਟਿਵਿਟੀ ਲਈ ਕੰਮ ਕਰਨ ਨੂੰ ਤਰਜੀਹ ਦਿੱਤੀ। ਗ੍ਰੀਨ ਐਵਿਨਿਊ ਸਥਿਤ ਆਪਣੇ ਪਰਿਵਾਰਕ ਗ੍ਰਹਿ "ਸਮੁੰਦਰੀ ਹਾਊਸ" ਤੋਂ ਉਨ੍ਹਾਂ ਨੇ ਅੰਮ੍ਰਿਤਸਰ ਦੀ ਆਰਥਿਕ ਅਤੇ ਸਮਾਜਿਕ ਖ਼ੁਸ਼ਹਾਲੀ ਲਈ ਅਨੇਕਾਂ ਪਹਿਲ ਕਦਮੀਆਂ ਕੀਤੀਆਂ।

ਉਹ ਖਾਨਕੋਟ ਵਿੱਚ ਪਰਿਵਾਰਕ ਜ਼ਮੀਨ 'ਤੇ ਬਾਗਬਾਨੀ ਨੂੰ ਉਤਸ਼ਾਹਿਤ ਕਰਨ, ਕਿਸਾਨਾਂ ਨਾਲ ਖੇਤੀਬਾੜੀ ਵਿੱਚ ਨਵੀਨਤਾ, ਡੇਅਰੀ ਫਾਰਮਿੰਗ ਵਿੱਚ ਕੁਸ਼ਲਤਾ ਅਤੇ ਅਮਰੀਕੀ ਡੇਅਰੀ ਮਾਡਲਾਂ ਬਾਰੇ ਜਾਣਕਾਰੀ ਸਾਂਝੀ ਕਰਨ ਵਰਗੇ ਕਾਰਜਾਂ ਨਾਲ ਜੁੜੇ ਰਹੇ। ਉਨ੍ਹਾਂ ਨੇ ਕਾਰੋਬਾਰੀਆਂ, ਉਦਯੋਗਪਤੀਆਂ, ਹੁਨਰਮੰਦਾਂ, ਮਹਿਲਾਵਾਂ ਅਤੇ ਨੌਜਵਾਨਾਂ ਨਾਲ ਸੰਵਾਦ ਰਚਾ ਕੇ ਅੰਮ੍ਰਿਤਸਰ ਨੂੰ ਗਲੋਬਲ ਮੌਕਿਆਂ ਨਾਲ ਜੋੜਨ ਦੀ ਕੋਸ਼ਿਸ਼ ਕੀਤੀ।

ਉਨ੍ਹਾਂ ਵੱਲੋਂ ਅੰਮ੍ਰਿਤਸਰ ਦੇ ਵਿਕਾਸ, ਇਤਿਹਾਸਕ ਧਰੋਹਰਾਂ ਦੀ ਸੰਭਾਲ, ਅਮਰੀਕਨ ਕੌਂਸਲੇਟ ਖੋਲ੍ਹਣ, ਅੰਮ੍ਰਿਤਸਰ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਕਨੈਕਟੀਵਿਟੀ ਵਧਾਉਣ, ਏਅਰ ਕਾਰਗੋ, ਹਜ਼ੂਰ ਸਾਹਿਬ ਲਈ ਫਲਾਈਟ, ਆਈ.ਟੀ.ਆਈ., ਸੈਰ-ਸਪਾਟਾ ਅਤੇ ਉਦਯੋਗਿਕ ਮੌਕਿਆਂ ਬਾਰੇ ਕੇਂਦਰੀ ਮੰਤਰੀਆਂ ਨਾਲ ਚਰਚਾ ਕਰਨਾ ਉਨ੍ਹਾਂ ਦੀ ਆਪਣੀ ਮਿੱਟੀ ਨਾਲ ਡੂੰਘੀ ਜੁੜਤ ਦਾ ਪ੍ਰਤੀਕ ਹੈ।

ਸ. ਤਰਨਜੀਤ ਸਿੰਘ ਸੰਧੂ ਦਾ ਸਾਰਾ ਧਿਆਨ ਅੰਮ੍ਰਿਤਸਰ ਦੀ ਆਰਥਿਕਤਾ, ਕਿਸਾਨਾਂ ਦੀ ਆਮਦਨੀ, ਨੌਜਵਾਨ ਸ਼ਕਤੀ ਦੇ ਸਦਉਪਯੋਗ, ਉਦਯੋਗ, ਟੈਕਸਟਾਈਲ, ਹੁਨਰ ਵਿਕਾਸ, ਸੈਰ-ਸਪਾਟਾ, ਸਿਹਤ ਸੰਭਾਲ, ਸਭਿਆਚਾਰਕ ਧਰੋਹਰ ਅਤੇ ਹੋਸਪਿਟੈਲਿਟੀ ਸੈਕਟਰ ਨੂੰ ਮਜ਼ਬੂਤ ਕਰਨ 'ਤੇ ਰਿਹਾ ਹੈ। ਉਹ ਖੇਤੀ ਉਤਪਾਦਾਂ ਨੂੰ ਖਾੜੀ ਦੇਸ਼ਾਂ, ਯੂਰਪ ਅਤੇ ਅਮਰੀਕਾ ਵਿੱਚ ਭੇਜ ਕੇ ਕਿਸਾਨੀ ਨੂੰ ਆਰਥਿਕ ਲਾਭ ਦੇਣ ਦੇ ਪ੍ਰਾਜੈਕਟਾਂ 'ਤੇ ਵੀ ਸੋਚਦੇ ਰਹੇ ਹਨ।

ਉਨ੍ਹਾਂ ਨੇ ਅੰਮ੍ਰਿਤਸਰ ਦੇ ਵਿਦਿਆਰਥੀਆਂ ਲਈ ਅਮਰੀਕਾ ਵਿੱਚ ਪੜ੍ਹਾਈ ਦੇ ਮੌਕੇ, ਪ੍ਰਵਾਸੀ ਪੰਜਾਬੀਆਂ ਵੱਲੋਂ ਵਜ਼ੀਫ਼ਿਆਂ ਦੀ ਸਹਾਇਤਾ, ਆਈ.ਟੀ., ਡਿਜੀਟਲ, ਸਟਾਰਟਅੱਪ, ਆਰਟੀਫਿਸ਼ੀਅਲ ਇੰਟੈਲੀਜੈਂਸ, ਕੁਆਂਟਮ, ਸਾਈਬਰ ਸੁਰੱਖਿਆ ਅਤੇ ਨਵੀਂ ਤਕਨਾਲੋਜੀ ਦੇ ਖੇਤਰਾਂ ਵਿੱਚ ਮੌਕੇ ਪੈਦਾ ਕਰਨ 'ਤੇ ਵੀ ਜ਼ੋਰ ਦਿੱਤਾ।

ਸ. ਸੰਧੂ ਦੀ ਦਿੱਲੀ ਦੇ ਲੈਫ਼ਟੀਨੈਂਟ ਗਵਰਨਰ ਵਜੋਂ ਨਿਯੁਕਤੀ ਇਸ ਲਈ ਵੀ ਮਹੱਤਵਪੂਰਨ ਹੈ, ਕਿਉਂਕਿ ਦਿੱਲੀ ਦੇਸ਼ ਦੀ ਰਾਜਧਾਨੀ ਹੈ। ਇੱਥੇ ਪ੍ਰਸ਼ਾਸਨਿਕ ਸੂਝ, ਸੰਵਿਧਾਨਕ ਮਰਿਆਦਾ, ਕਾਨੂੰਨ-ਵਿਵਸਥਾ, ਵਿਕਾਸ, ਅੰਤਰਰਾਸ਼ਟਰੀ ਪ੍ਰਤੀਨਿੱਧਤਾ ਅਤੇ ਕੇਂਦਰ-ਰਾਜ ਤਾਲਮੇਲ ਵਰਗੀਆਂ ਜ਼ਿੰਮੇਵਾਰੀਆਂ ਬਹੁਤ ਗੰਭੀਰ ਹੁੰਦੀਆਂ ਹਨ।ਸ. ਸੰਧੂ ਵਰਗਾ ਵਿਅਕਤੀ, ਜਿਸ ਨੇ ਵਿਸ਼ਵ ਦੇ ਸਭ ਤੋਂ ਮਹੱਤਵਪੂਰਨ ਕੂਟਨੀਤਕ ਮੰਚਾਂ 'ਤੇ ਭਾਰਤ ਦਾ ਮਾਣ ਵਧਾਇਆ, ਦਿੱਲੀ ਵਰਗੀ ਰਾਸ਼ਟਰੀ ਰਾਜਧਾਨੀ ਦੀ ਸੰਵਿਧਾਨਕ ਜ਼ਿੰਮੇਵਾਰੀ ਲਈ ਬਿਲਕੁਲ ਯੋਗ ਚੋਣ ਹੈ। ਉਨ੍ਹਾਂ ਦੀ ਹਲੀਮੀ, ਵਿਸ਼ਾਲ ਦ੍ਰਿਸ਼ਟੀ, ਸੰਵਾਦ ਦੀ ਸਮਰੱਥਾ, ਪ੍ਰਸ਼ਾਸਨਿਕ ਤਜਰਬਾ ਅਤੇ ਭਾਰਤ-ਪਹਿਲਾਂ ਵਾਲੀ ਸੋਚ ਦਿੱਲੀ ਨੂੰ ਨਵੀਂ ਦਿਸ਼ਾ ਦੇ ਸਕਦੀ ਹੈ। ਉਹ ਰਾਜਨੀਤਿਕ ਟਕਰਾਅ ਦੀ ਥਾਂ ਸੰਵਿਧਾਨਕ ਸੰਤੁਲਨ, ਨੀਤੀਗਤ ਸਪੱਸ਼ਟਤਾ ਅਤੇ ਵਿਕਾਸਮੁਖੀ ਪ੍ਰਬੰਧਨ ਨੂੰ ਤਰਜੀਹ ਦੇਣ ਵਾਲੀ ਸ਼ਖਸੀਅਤ ਹਨ। ਅੱਜ ਜਦੋਂ ਸ. ਤਰਨਜੀਤ ਸਿੰਘ ਸੰਧੂ ਦਿੱਲੀ ਦੇ ਲੈਫ਼ਟੀਨੈਂਟ ਗਵਰਨਰ ਵਜੋਂ ਨਵੀਂ ਜ਼ਿੰਮੇਵਾਰੀ ਨੂੰ ਬਾਖ਼ੂਬੀ ਸੰਭਾਲ ਰਹੇ ਹਨ ਤਾਂ ਇਹ ਕੇਵਲ ਇਕ ਵਿਅਕਤੀ ਦਾ ਨਹੀਂ, ਸਗੋਂ ਪੰਜਾਬੀ ਯੋਗਤਾ, ਸਿੱਖੀ ਦੀ ਦਸਤਾਰ, ਅੰਮ੍ਰਿਤਸਰ ਦੀ ਧਰਤੀ ਅਤੇ ਭਾਰਤੀ ਕੂਟਨੀਤਕ ਪਰੰਪਰਾ ਦਾ ਸਨਮਾਨ ਹੈ। ਜਿਸ ਨਾਲ ਇਹ ਸੁਨੇਹਾ ਵੀ ਜਾਂਦਾ ਹੈ ਕਿ ਭਾਰਤ ਦੀ ਨਵੀਂ ਵਿਵਸਥਾ ਵਿੱਚ ਉਹਨਾਂ ਲੋਕਾਂ ਲਈ ਵੱਡੇ ਦਰਵਾਜ਼ੇ ਖੁੱਲ੍ਹੇ ਹਨ, ਜਿਨ੍ਹਾਂ ਕੋਲ ਤਜਰਬਾ, ਇਮਾਨਦਾਰੀ, ਦੇਸ਼-ਭਗਤੀ ਅਤੇ ਨਿਰਮਾਣਕਾਰੀ ਸੋਚ ਹੈ। ਸ. ਸੰਧੂ ਵਰਗੀਆਂ ਸ਼ਖ਼ਸੀਅਤਾਂ ਰਾਸ਼ਟਰ ਦੇ ਭਵਿੱਖ ਲਈ ਪ੍ਰੇਰਕ ਮਾਡਲ ਹਨ।

ਅੰਮ੍ਰਿਤਸਰ ਲਈ ਇਹ ਖ਼ਾਸ ਮਾਣ ਦੀ ਗੱਲ ਹੈ ਕਿ ਗੁਰੂ ਨਗਰੀ ਦੀ ਮਿੱਟੀ ਨਾਲ ਜੁੜਿਆ ਇਕ ਸੂਝਵਾਨ, ਹਲੀਮ, ਅਨੁਭਵੀ ਅਤੇ ਵਿਸ਼ਵ ਪੱਧਰੀ ਭਾਰਤੀ ਅੱਜ ਦੇਸ਼ ਦੀ ਰਾਜਧਾਨੀ ਦਿੱਲੀ ਦੀ ਸੰਵਿਧਾਨਕ ਜ਼ਿੰਮੇਵਾਰੀ ਨੂੰ ਨਿਵੇਕਲੇ ਢੰਗ ਨਾਲ ਨਿਭਾ ਰਿਹਾ ਹੈ। ਇਹ ਕਦਮ ਪੰਜਾਬ ਦੇ ਨੌਜਵਾਨਾਂ ਲਈ ਵੀ ਪ੍ਰੇਰਣਾ ਹੈ ਕਿ ਯੋਗਤਾ, ਸੇਵਾ ਅਤੇ ਰਾਸ਼ਟਰੀ ਨਿਸ਼ਠਾ ਮਨੁੱਖ ਨੂੰ ਕਿੰਨੇ ਉੱਚੇ ਦਰਜੇ ਤੱਕ ਲੈ ਜਾ ਸਕਦੀ ਹੈ। ਸਰਦਾਰ ਤਰਨਜੀਤ ਸਿੰਘ ਸੰਧੂ ਸਮੁੰਦਰੀ ਨੂੰ ਦਿੱਲੀ ਦੇ ਲੈਫ਼ਟੀਨੈਂਟ ਗਵਰਨਰ ਵਜੋਂ ਨਿਯੁਕਤ ਕਰਨਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਦੂਰਅੰਦੇਸ਼ੀ ਅਤੇ ਯੋਗਤਾ-ਕੇਂਦਰਿਤ ਸੋਚ ਦਾ ਪ੍ਰਗਟਾਵਾ ਹੈ। ਇਹ ਫ਼ੈਸਲਾ ਦਿੱਲੀ, ਪੰਜਾਬ ਅਤੇ ਦੇਸ਼ ਤਿੰਨਾਂ ਲਈ ਲਾਭਕਾਰੀ ਸਾਬਤ ਹੋਵੇਗਾ।ਆਸ ਹੈ ਕਿ ਉਹ ਆਪਣੀ ਕੂਟਨੀਤਕ ਸੂਝ, ਪ੍ਰਸ਼ਾਸਨਿਕ ਅਨੁਭਵ, ਹਲੀਮੀ ਅਤੇ ਰਾਸ਼ਟਰ-ਸੇਵਾ ਦੇ ਜਜ਼ਬੇ ਨਾਲ ਦਿੱਲੀ ਦੇ ਪ੍ਰਸ਼ਾਸਨ ਵਿੱਚ ਨਵੀਂ ਮਰਿਆਦਾ, ਨਵਾਂ ਸੰਤੁਲਨ ਅਤੇ ਨਵੀਂ ਊਰਜਾ ਲਿਆਉਣ 'ਚ ਕਾਮਯਾਬ ਰਹਿਣਗੇ ਅਤੇ ਉਹ ਮੈਨੂੰ ਦਿੱਲੀ ਦੇ ਲੈਫ਼ਟੀਨੈਂਟ ਗਵਰਨਰ ਵਜੋਂ ਪੰਜਾਬੀ ਕਿਰਦਾਰ ਦਾ ਨਵਾਂ ਹਸਤਾਖਰ ਬਣ ਚੁੱਕੇ ਹਨ।

